# ਸ਼ੂਦਰ ਦਾ ਬਲੀਦਾਨ

ਸੰਤ ਇੰਦਰ ਸਿੰਘ
'ਚਕ੍ਰਵਰਤੀ'

Sri Satguru Jagjit Singh Ji eLibrary NamdhariElibrary@gmail.com

ਸ੍ਰ. ਰਘਬੀਰ ਸਿੰਘ ਵਿਰਕ
(ਗਿਆਨੀ ਗੁਰਚਰਨ ਸਿੰਘ ਅਲਗ ਜੀ,
ਪੁੱਤਰ ਬਾਬਾ ਲੱਖਣਦਾਸ ਸ਼ਹਿਰ ਵਾਲਾ ਤੋਂ
ਪ੍ਰਾਪਤ ਹੋਈ ਜਦੋਂ ਉਹ ਮੰਡੀ ਪਿੰਡ ਦੇ ਲੱਖਣਦਾਸ
ਪਰਿਵਾਰ ਦੇ ਪ੍ਰਸੀਤ ਪਾਠਾਂ ਦੇ ਭੋਗ ਤੇ ਇੱਥੇ ਆਏ ਸਨ)
ਕਰੀਵਾਲਾ, (ਸਿਰਸਾ).
5-7-2013

# ਸ਼ੂਦਰ ਦਾ ਬਲੀਦਾਨ

## ਸੰਤ ਇੰਦਰ ਸਿੰਘ
## 'ਚਕ੍ਰਵਰਤੀ'

ਇਸ ਨਾਟਕ ਨੂੰ ਸਟੇਜ ਕਰਨ, ਉਲਥਾਂ ਕਰਨ ਜਾਂ ਪ੍ਰਕਾਸ਼ਤ
ਕਰਨ ਦੇ ਸਾਰੇ ਹੱਕ ਲੇਖਕ ਦੇ ਰਾਖਵੇਂ ਹਨ।



Sri Satguru Jagjit Singh Ji eLibrary NamdhariElibrary@gmail.com

# ਦੋ ਗਲਾਂ

ਸ਼ੂਦਰ ਦੀ ਬਲੀਦਾਨ ਕੋਈ ਕੋਰੀ ਕਲਪਣਾ ਨਹੀਂ। ਕਲਪਣਾ ਸਤ ਕਥਾ ਵਸਤੂ ਦੇ ਆਧਾਰ ਤੇ ਕਲਪਿਤ ਕੀਤੀ ਗਈ ਹੈ। ਇਹ ਇਕ ਸ਼੍ਰੀ ਰਾਮ ਚੰਦਰ ਜੀ ਮਹਾਰਾਜ ਦੇ ਸਮੇਂ ਦੀ ਇਤਹਾਸਕ ਵਾਰਤਾ ਹੈ। ਜਿਸ ਦਾ ਪਿਛਵਾੜਾ, ਭਵਭੂਤੀ ਦਾ 'ਉਤਰ ਰਾਮ ਚਰਿਤ ਨਾਟਕ' ਬਾਲਮੀਕੀ ਦੀ 'ਰਾਮਾਇਣ' ਕਾਲੀਦਾਸ ਦਾ 'ਰਘੁਵੰਸ' ਤੇ ਅਜ ਦੇ ਸਮੇਂ ਦੇ ਪ੍ਰਸਿੱਧ ਹਿੰਦੀ ਕਲਾਕਾਰ ਸ਼੍ਰੀ ਵੇਦ ਵਯਾਸ ਜੀ ਦੀ 'ਸ਼ੰਬੂਕ ਵਧ' ਕਹਾਣੀ ਹੈ। ਇਸ ਕਹਾਣੀ ਦੇ ਸਿਰਲੇਖ ਉਤਲੇ ਅਫਰ ਖ਼ਾਸ ਤੌਰ ਤੇ ਪੜ੍ਹਨ ਯੋਗ ਹਨ, ਜੋ ਐਉਂ ਹਨ-ਰਾਮ ਰਾਜ ਮੇਂ ਬਾਲੀ ਦਾ ਵਧ, ਸਤੀ ਸੀਤਾ ਕਾ ਤ੍ਰਿਸਕਾਰ, ਲਵ ਕੁਸ਼ ਕੇ ਸਾਥ ਅਨਯਾਇ=ਧਰਮ..........? ਸ਼ੂਦਰ ਸ਼ੰਬੂਕ ਦਾ ਵੇਦਾਧਨ ਵ ਤਪਸਿਆ....ਪਾਪ?

ਪੁਰਾਤਾਨ, ਸਨਾਤਨ, ਸੰਸਕ੍ਰਿਤ ਧਰਮ ਸਾਹਿਤ ਵਿਚ ਸ਼ੂਦਰ ਸਬੰਧੀ ਕੁਝ ਨਿਯਮ ਇੰਜ ਨਿਰਮਾਣਤ ਕੀਤੇ ਗਏ ਹਨ, ਜਿਨ੍ਹਾਂ ਦਾ ਭਾਵ ਇਹ ਹੈ :-

"ਜੇ ਸ਼ੂਦਰ ਬ੍ਰਾਹਮਣ ਨੂੰ ਗਰਵ ਨਾਲਾ ਕੁਝ ਦਸੇ, ਤਾਂ ਰਾਜਾ ਸ਼ੂਦਰ ਦੇ ਮੂੰਹ ਵਿਚ ਗਰਮ ਲੋਹਾ ਭਰ ਦਏ, ਜੇ ਸ਼ੂਦਰ ਕਿਸੇ ਉਚ ਜਾਤੀ ਵਾਲੇ ਦਾ ਨਾਉਂ ਅਪਮਾਨ ਨਾਲ ਲਏ ਤਾਂ ਉਸ ਦੀ ਜੀਭ ਵਿਚ ਦਸ ਉਂਗਲ ਦੀ ਕਿਲ ਲਾਲ ਕਰਕੇ ਗਡ ਦਏ।"

(ਵਿਸ਼ਣੂ ਸਿੰਮ੍ਰਤੀ ਅਧਿਯਾਇ 5 ਸੂਤ੍ਰ 19-25)



Sri Satguru Jagjit Singh Ji eLibrary NamdhariElibrary@gmail.com

'ਜੇ ਸ਼ੂਦਰ ਵੇਦਨੂੰ ਜਾਣ ਬੁਝ ਕੇ ਸੁਣੇ, ਤਾਂ ਉਸ ਦੇ ਕੰਨ ਵਿਚ ਗਲਿਆ ਹੋਇਆ ਸਿਕਾ ਜਾਂ ਲੋਹਾ ਪਾ ਦਏ, ਜੇ ਉਹ ਵੇਦ ਉਚਾਰਣ ਕਰੇ ਤਾਂ ਜੀਭ ਕਟ ਲਈ ਜਾਇ। ਜੇ ਉਹ ਵੇਦ ਮੰਤਰ ਯਾਦ ਕਰੇ ਤਾਂ ਉਦ ਦੇ ਦੋ ਟੁਕੜੇ ਕਰ ਦਿਤੇ ਜਾਣ।

(ਗੌਤਮ ਧਰਮ ਸੂਤ੍ਰ ਅਧਯਾਇ 20 ਸੂਤ੍ਰ 4-9)

"ਜੋ ਕੋਈ ਬਰਾਹਮਣ ਸ਼ੂਦਰ ਇਸਤ੍ਰੀ ਨਾਲ ਵਿਭਚਾਰ ਕਰੇ, ਤਾਂ ਦੇਸ ਤੋਂ ਕਢ ਦਿਤਾ ਜਾਇ ਪ੍ਰੰਤੂ ਜੇ ਸ਼ੂਦਰ ਕਿਸੇ ਬਰਾਹਮਣ ਇਸਤ੍ਰੀ ਨਾਲ ਵਿਭਚਾਰ ਕਰੇ, ਤਾਂ ਪ੍ਰਾਨ ਡੰਡ ਦਾ ਭਾਗੀ ਹੈ।"

(ਅਪਸਤੰਬ ਧਰਮ ਸੂਤ੍ਰ, ਪ੍ਰਸ਼ਨ 2 ਪਟਲ 10 ਖੰਡ 29 ਸੂਤ੍ਰ 7-9)

ਇਹਨਾ ਸਲੋਕਾਂ "ਉਤਰ ਰਾਮ ਚਰਿਤਰ", 'ਰਘੁਵੰਸ' ਤੇ 'ਸ਼ੰਬੂਕ ਵਧ' ਦੇ ਆਧਾਰ ਤੇ ਇਸ ਇਕ ਅੰਗੀ ਨਾਟਕ ਦੀ ਰਚਨਾਂ ਕੀਤੀ ਹੈ ਅਰ ਆਪ ਇਕ ਤਿਰਯਾਕਲ ਅਸੰਵੰਧਤ ਤੇ ਨਿਰਪਖ, ਬੰਦੇ ਵਾਂਗ ਹੀ ਇਸ ਨੂੰ ਵੇਖਣ ਦਾ ਯਤਨ ਕੀਤਾ ਹੈ। ਪਾਠਕ ਪੜਨ ਤੇ ਪੜਕੇ ਜੋ ਰਾਏ ਜੀ ਆਵੇ ਕਾਇਮ ਕਰਨ। ਮੈਂ ਤਾਂ ਸਾਰੇ ਵਾਕ-ਯਾਤ ਢੂੰਡ ਭਾਲ ਕੇ ਇਕ ਥਾਂ ਇਕਠੇ ਕਰਕੇ ਸ਼ਰਧਾ ਨਾਲ ਲਿਆ ਧਰੇ ਹਨ।

ਪਟਿਆਲਾ — ਸੰਤ ਇੰਦਰ ਸਿੰਘ

20 ਸ਼ੌਣ 2009 — ਚਕ੍ਰਵਰਤੀ



Sri Satguru Jagjit Singh Ji eLibrary NamdhariElibrary@gmail.com

# ਸ਼ੂਦਰ ਦਾ ਬਲੀਦਾਨ

## ਝਾਕੀ-ਪਹਿਲੀ

ਨਦੀ ਦਾ ਕਿਨਾਰਾ, ਪਹਾੜ ਦੀ ਤਰਾਈ, ਜਿਥੇ ਮੋਰ, ਹਿਰਣ, ਪਾੜੇ ਬਾਰਾਸਿੰਗੇ ਆਦਿ ਜਾਨਵਰ, ਝੁੰਡਾ ਦੇ ਝੁੰਡ ਬੜੀ ਨਿਰਭੈਤਾ ਨਾਲ, ਪੈਲਾਂ ਪਾਂਦੇ ਤੇ ਚੁੰਗੀਆਂ ਭਰਦੇ ਫਿਰਦੇ ਹਨ। ਮੰਘਣੇ ਸੁਹਾਵਣੇ ਤੇ ਹਰਿਆਵਲੇ ਰੁਖਾਂ ਵਿਚ ਕੁਝ ਕਖਾਂ ਦੀਆਂ ਕੁਲੀਆਂ ਤੇ ਗਊਆਂ ਦਾ ਵਾੜਾ ਨਜ਼ਰ ਪੈਂਦਾ ਹੈ। ਇਹ ਸ਼ੰਬੂਕ ਰਿਸ਼ੀ ਦਾ ਆਸ਼ਰਮ ਹੈ। ਬੜਾ ਸ਼ਾਂਤ ਤੇ ਗੰਭੀਰ ਜੇਹਾ ਵਾਤਾਵਰਣ ਹੈ। ਕੋਈ ਸਮਾਧੀ ਲਾਈ ਬੈਠਾ ਹੈ। ਕੋਈ ਧਿਆਨ ਮਗਨ ਹੈ ਕੋਈ ਪੋਥੀ ਪਤਰਾ ਲਈ ਪਾਠ ਯਾਦ ਕਰ ਰਿਹਾ ਹੈ। ਕੋਈ ਪੜ੍ਹ ਰਿਹਾ ਹੈ ਤੇ ਕੋਈ ਪੜ੍ਹਾ ਰਿਹਾ ਹੈ। ਕੋਈ ਕੰਦ ਮੂਲ ਸਾਫ ਕਰ ਰਿਹਾ ਹੈ। ਕੋਈ ਅਗਨੀ ਹੋਤਰ ਲਈ ਬੇਰੀ ਤੇ ਪਲਾਹ ਦੀ ਸੁਕੀ ਲਕੜ ਲਈ ਆ ਰਿਹਾ ਹੈ। ਸਾਰੇ ਪਰਸੰਨ ਹਨ। ਆਸ਼ਰਮ ਵਿਚ ਸ਼ਾਂਤੀ ਤੇ ਪਿਆਰ ਦਾ ਰਾਜ ਹੈ। ਸ਼ੁੰਬਕ ਰਿਸ਼ੀ ਇਕ ਵਡੇ ਸਾਰੇ ਰੁਖ ਦੀਆਂ ਟਾਹਣੀਆਂ ਲਤਾਂ ਨਾਲ ਬੰਨ੍ਹਕੇ ਪੁਠੇ ਲਟਕ ਰਹੇ ਹਨ ਹੇਠਾਂ ਵਡੀਆਂ ਵਡੀਆਂ ਚਾਰ ਧੂਣੀਆਂ ਜਲ ਰਹੀਆਂ ਹਨ। ਜਿਨ੍ਹਾਂ ਵਿਚੋਂ ਨਿਕਲ ਰਿਹਾ ਧੂੰਆਂ ਰਿਸ਼ੀ ਦੀਆਂ ਅਖਾਂ ਨੂੰ ਲਾਲ ਕਰ ਰਿਹਾ ਹੈ। ਉਹਨਾ ਦੇ ਦਾਹੜੀ ਤੇ ਕੇਸਾਂ ਦੇ ਵਾਲ ਅਗ ਨਾਲ ਧੁਆਂਖੇ ਜਾਕੇ ਡਰੌਣੀਆਂ ਤੇ ਭਿਆਨਕ ਜਟਾਂ ਦੇ ਰੂਪ ਵਿਚ ਵਟ ਗਏ ਹਨ। ਕਠਿਨ ਤਪ ਨੇ ਰਿਸ਼ੀ ਦਾ ਸਾਰਾ ਸਰੀਰਕ ਢਾਂਚਾ ਇਉਂ ਬਣਾ ਦਿਤਾ ਹੈ, ਜਿਵੇਂ ਤਾਂਬੇ ਦਾ ਪਤਰਾ ਹੁੰਦਾ ਹੈ। ਰਿਸ਼ੀ ਜੀ ਧੂੰਆਂ ਹੀ ਖਾਂਦੇ ਹਨ ਤੇ ਧੂੰਆਂ ਹੀ ਪੀਂਦੇ ਹਨ। ਹੋਰ ਅੰਨ ਜਲ ਕੁਝ ਨਹੀਂ ਕਰਦੇ।



Sri Satguru Jagjit Singh Ji eLibrary NamdhariElibrary@gmail.com

ਦੋਂਹ ਬੰਦਿਆਂ ਦੀ ਦੂਰੋਂ ਗਾਣ ਦੀ ਆਵਾਜ਼ ਆਂਦੀ ਹੈ, ਜੋ ਇਕ ਤਾਰੇ ਨਾਲ ਬੜੀ ਡਰੌਣੀ ਜੇਹੀ ਲੈਅ ਵਿਚ ਗਾ ਰਹੇ ਹਨ। ਹੌਲੀ, ਹੌਲੀ ਅਵਾਜ ਨੇੜੇ ਆ ਜਾਂਦੀ ਹੈ, ਜੋ ਹੁਣ ਸਾਫ ਸੁਣਾਈ ਦੇਂਦੀ ਹੈ। ਗਾਣ ਵਾਲੇ ਦੋ ਬਰਾਹਮਣ ਹਨ। ਜੋ ਇਹ ਗਾ-ਰਹੇ ਹਨ:-

ਇਕ- ਜੇ ਸ਼ੂਦਰ ਬਰਾਹਮਣ ਦੇ ਤਾਈਂ।
ਨਾਲ ਘਮੰਡ ਦਸੋ ਕੁਝ ਭਾਈ।
ਤਦ ਰਾਜੇ ਨੂੰ ਚਾਹੀਏ ਇਹ।
ਤੇਲ ਗਰਮ ਸ਼ੂਦਰ ਮੂੰਹ ਦਿਹ।

ਦੂਜਾ- ਨਾਉਂ ਕਿਸੇ ਉਚ ਜਾਤੀਏ ਵਾਲਾ।
ਸ਼ੂਦਰ ਕਰ ਅਪਮਾਨ ਬੁਲਾਂਦਾ।
ਗਰਮ ਕਿਲ ਦਸ ਉਂਗਲ ਕਰ।
....... ਦਏ ਜ਼ਬਾਨ ਉਹਦੀ ਤੇ ਧਰ। (1)

ਇਕ- ਜਾਣ ਬੂਣ ਸੁਣੇ ਸ਼ੂਦਰ ਵੇਦ।
ਪਾਪ ਓਹਦੇ ਦਾ ਏਹੀ ਭੇਦ।
ਕੰਨ ਵਿਚ ਉਸ ਦੇ ਸਿਕਾ ਢਾਲ।
ਜਾਂ ਲੋਹਾ ਪਾਏ ਤਤਕਾਲ।

ਦੂਜਾ- ਵੇਦ ਉਚਾਰ ਸ਼ੂਦਰ ਜੇ ਕਰੇ।
ਜੀਭ ਕਟ ਓਹਦੀ ਰਾਜਾ ਧਰੇ।



Sri Satguru Jagjit Singh Ji eLibrary NamdhariElibrary@gmail.com

ਵੇਦ ਮੰਤਰ ਕਰੇ ਸ਼ੂਦਰ ਯਾਦ।
ਰਾਜਾ ਚੀਰ ਕਰੇ ਦੋ ਫਾਂਗ। (2)
ਇਕ- ਬਰਾਹਮਣ ਸ਼ੂਦਰ ਤੀਮੀ ਨਾਲ।
ਸੰਗ ਕਰੇ ਕਾਮੰਧ ਬੇਹਾਲ।
ਤਦ ਰਾਜਾ ਬਰਾਹਮਣ ਨੂੰ ਡੰਨੇ।
ਦੇਸੋਂ ਕੱਢੇ, ਫੜ ਕੇ ਬੰਨੇ।
ਦੂਜਾ -ਜੇ ਸ਼ੂਦਰ ਬਰਾਹਮਣ ਦੀ ਤੀਮੀ।
ਕਰੇ ਖ਼ਰਾਬ, ਕਰ ਗਲ ਕਮੀਨੀ।
ਤਦ ਰਾਜੇ ਨੂੰ ਚਾਹੀਏ ਇਹ।
ਪਰਾਣ ਡੰਨ ਸ਼ੂਦਰ ਨੂੰ ਦਿਹ। (3)

(1) ਵਿਸਨੂ ਸਿੰਮ੍ਰਤੀ ਅਧਿਆਏ ਪੰਜ ਸੂਤ੍ਰ 19-25

(2) ਗੌਤਮ ਧਰਮ ਸੂਤ੍ਰ ਅਧਿਆਇ 20 ਸੂਤ੍ਰ 4-9

(3) ਅਪਸਤੰਬ ਧਰਮ ਸੂਤ੍ਰ ਪ੍ਰਸ਼ਨ 2 ਪਟਲ 10 ਖੰਡ 22 ਸੂਤ੍ਰ 6-9

ਸ਼ੰਬੂਕ-(ਆਪਣੇ ਆਪ) ਇਹ ਮੈਂ ਕੀ ਸੁਣ ਰਿਹਾ ਹਾਂ! ਕੀ ਇਹ ਸਚ ਹੈ! ਸਚ ਕਿਉਂ ਨਹੀਂ, ਮੈਂ ਆਪ ਇਹ ਕਿੰਨੀ ਬਾਰੀ ਪੜ੍ਹਿਆ ਹੈ। ਫਿਰ ਮੈਂ ਕੀ ਕਰ ਬੈਠਾ? ਮੈਂ ਆਸ਼ਰਮ ਕਿਉਂ ਕਾਇਮ ਕੀਤਾ? ਸ਼ੂਦਰਾਂ ਨੂੰ ਵੇਦ-ਵੇਦਾਂਗ ਪੜ੍ਹਨ ਕਿਉਂ ਲਾਇਆ? ਕੀ ਇਹ ਸਚੀ ਮੁਚੀ ਹੀ ਪਾਪ ਹੈ? ਤਪ ਕਰਨਾ ਵੀ ਗੁਨਾਹ ਹੈ? ਸ਼ੂਦਰ ਏਥੇ ਤੇ ਦੁਖ ਭੋਗਦਾ ਹੀ ਹੈ ਉਹ ਆਪਣਾ ਅਗਾ ਵੀ ਨਾ ਸੁਆਰੇ। ਪਤਾ ਨਹੀਂ ਮੇਰਾ



Sri Satguru Jagjit Singh Ji eLibrary NamdhariElibrary@gmail.com

ਮਨ ਕਿਉਂ ਡਰਦਾ ਹੈ? ਮੇਰਾ ਅੰਦਰਲਾਂ ਕਿਉਂ ਕੰਬਦਾ ਹੈ? ਮੈਂ ਸ਼ੂਦਰ ਹਾਂ, ਇਸ ਕਰਕੇ ਮੈਨੂੰ ਮਾਰ ਦਿਤਾ ਜਾਇਗਾ? ਚਲੋ ਇਸ ਬੇਇਜ਼ਤੀ ਦੀ ਜ਼ਿੰਦਗੀ ਨਾਲੋਂ ਮੌਤ ਕਿਤੇ ਚੰਗੀ ਹੈ।

(ਦੋਵੇਂ ਗਾਣ ਵਾਲੇ ਬ੍ਰਾਹਮਣ ਸ਼ੰਬੂਕ ਦੇ ਕੋਲ ਆ ਕੇ_

ਦੋਵੇਂ-ਰਿਸ਼ੀ ਜੀ! ਅਸੀਂ ਆਪ ਜੀ ਨੂੰ ਨਮਸ਼ਕਾਰ ਕਰਦੇ ਹਾਂ।

ਸ਼ੰਬੂਕ-ਨਮਸ਼ਕਾਰ ਕਰਨਾ ਤੇ ਮਾਰੇ ਧਰਮ ਹੈ ਕਿਉਂਕਿ ਆਪ ਬ੍ਰਾਹਮਣ ਹੋ।

ਦੋਏ-ਅਰ ਤੁਸੀ ਕਿਸ ਵੰਸ਼ ਦੇ ਭੂਸ਼ਣ ਹੋ? ਇਹ ਆਸ਼ਰਮ ਕਿਸ ਦਾ ਹੈ?

ਸ਼ੰਬੂਕ-ਮੈਂ ਸ਼ੰਬੂਕ ਨਾਮੀ ਸ਼ੂਦਰ ਹਾਂ, ਇਹ ਆਸ਼ਰਮ ਮੇਰਾ ਹੈ। ਅੰਦਰ ਚਲੋ, ਮੇਰਾ ਅਤਿਥੀ ਸਤਿਕਾਰ ਸਵੀਕਾਰ ਕਰੋ।

ਦੋਏ-ਰਾਮ! ਰਾਮ!! ਰਾਮ!!! ਅਸੀਂ ਕਿਥੇ ਆ ਗਏ? ਸਾਨੂੰ ਨਹੀਂ ਸੀ ਪਤਾ ਕਿ ਇਸ ਆਸ਼ਰਮ ਦਾ ਮਾਲਕ ਇਕ ਨੀਚ ਹੈ ਅਰ ਉਹ ਸੇਵਾ ਭਾਵ ਛਡ ਕੇ, ਤਪ ਕਰਨ ਦੀ ਢੀਠਤਾ ਕਰ ਰਿਹਾ ਹੈ। ਮਰਯਾਦਾ ਪੁਰਸ਼ੋਤਮ ਭਗਵਾਨ ਰਾਮ ਦੇ 'ਰਾਮ ਰਾਜ' ਵਿਚ ਏਡੀ ਹੰਨੇਰ ਗਰਦੀ। ਏਡਾ ਪਾਪ, ਏਡਾ ਅਤਿਯਾਚਾਰ, ਪਤਾ ਨਹੀਂ ਇਹ ਧਰਤੀ ਹੁਣ ਤੀਕ ਰਸਾਤਲ ਕਿਉਂ ਨਹੀਂ ਗਈ? ਇਹ ਪਹਾੜ ਢਠੇ ਕਿਉਂ ਨਹੀਂ? ਇਸ ਪਾਪ ਆਸ਼ਰਮ ਤੇ ਬਿਜਲੀ ਕਿਉਂ ਨਹੀਂ ਗਿਰੀ? ਇਸ ਨੀਚ ਸ਼ੂਦਰ ਦਾ ਕਿਸੇ ਸਿਰ ਕਿਉਂ ਨਹੀਂ ਵਢਿਆ? ਚਲੋ ਚਲ ਕੇ ਮਹਾਂ ਮੁਨੀ ਨਾਰਦ ਜੀ ਨੂੰ ਦਸੀਏ, ਉਹ ਆਪੇ ਭਗਵਾਨ ਰਾਮ ਨੂੰ ਆਖ ਕੇ ਇਸ ਦਾ



Sri Satguru Jagjit Singh Ji eLibrary NamdhariElibrary@gmail.com

ਨਾਸ ਕਰਾ ਦੇਣਗੇ, ਤਾਕਿ ਕਿਸੇ ਹੋਰਸ ਨੂੰ ਅਜੇਹਾ ਕਰਨ ਦਾ ਅਗੋਂ ਹੌਂਸਲਾ ਨਾ ਪਏ।

(ਦੋਏ ਬਕਦੇ ਝਕਦੇ ਤੁਰ ਜਾਂਦੇ ਹਨ)

ਸ਼ੰਬੂਕ-(ਆਪਣੇ ਆਪ) ਬਸ ਹੁਣ ਜੀ ਦੀ ਖ਼ੈਰ ਨਹੀਂ। ਕਈ ਦਿਨਾਂ ਤੋਂ ਮੇਰੀ ਖੱਬੀ ਅੱਖ ਫਰਕਦੀ ਸੀ। ਮੇਰਾ ਅੰਤਰ ਆਤਮਾ ਕੰਬਦਾ ਸੀ। ਇਸ ਕਰ ਕੇ ਨਹੀਂ ਕਿ ਮੈਂ ਕੋਈ ਗੁਨਾਹ ਕਰਦਾ ਹਾਂ। ਇਸ ਕਰ ਕੇ ਕਿ ਜੇ ਮੈਂ ਮਾਰਿਆ ਗਿਆ ਤਦ ਜੋ ਕੰਮ ਮੈਂ ਛੋਹਿਆ ਹੈ ਉਹ ਅਧੂਰਾ ਰਹਿ ਜਾਏਗਾ। ਮੈਂ ਇਹ ਕਠਿਨ ਤਪ ਆਪਣੇ ਸੁਆਰਥ ਲਈ ਤੇ ਆਪਣੇ ਨਿਜੀ ਲਾਭ ਦੇ ਲਈ ਤੇ ਨਹੀਂ ਸੀ ਕਰਦਾ। ਮੈਂ ਆਪਣੀ ਜਾਤੀ ਦਾ, ਆਪਣੀ ਕੌਮ ਦਾ, ਕੰਮ ਦੇ ਹੋਣਹਾਰ ਨੌਨਿਹਾਲਾ ਦਾ, ਦੁਖ ਜੋ, ਉਹਨਾਂ ਨੂੰ ਜਾਤੀ ਅਭਿਮਾਨੀ ਸਵਰਣ ਕਹੇ ਜਾਣ ਵਾਲੇ, ਲੋਕ ਦੇ ਰਹੇ ਹਨ, ਵੇਖ ਕੇ ਬਰਦਾਸ਼ਨ ਨਹੀਂ ਸੀ ਕਰ ਸਕਦਾ। ਉਹਨਾਂ ਦੀ ਆਜ਼ਾਦੀ ਲਈ ਮੈਂ ਇਹ ਪ੍ਰਾਣਾਂ ਦੀ ਬਾਜ਼ੀ ਲਾਈ ਹੈ। ਜੇ ਮੇਰਾ ਤਪ ਸੰਪੂਰਣ ਹੋ ਜਾਂਦਾ, ਮੇਰੀ ਵੀ ਘਾਲ ਬਾਲਮੀਕ ਵਾਂਗ ਥਾਇ ਪੈ ਜਾਂਦੀ। ਜੇ ਮੈਨੂੰ ਵੀ ਭਗਵਾਨ ਆ ਕੇ 'ਵਰੂੰ ਵਰੂਹੀ' ਆਖਦੇ ਤਦ ਮੈਂ ਆਖਦਾ ਕਿ ਮੈਨੂੰ ਬੇਸ਼ਕ ਘੋਰ ਨਰਕ ਵਿਚ ਸੁਟ ਦਿਓ ਪਰ ਮੇਰੀ ਕੌਮ ਦੇ ਦੁਖ ਦੂਰ ਕਰ ਦਿਓ। ਤਦ ਕੀ ਮੈਂ ਮਾਰਿਆ ਜਾਵਾਂਗਾ? ਭਗਵਾਨ ਰਾਮ ਦੇ ਹਥੋਂ ਮੌਤ ਮੇਰਾ ਸਦੀਵੀ ਜੀਵਨ ਹੈ। ਕਾਸ਼! ਕਦੀ ਮੇਰੀ ਇਛਾ ਪੂਰਨ ਹੋ ਸਕਦੀ! (ਅਖੀਆਂ ਮੀਟ ਕੇ ਪ੍ਰਾਰਥਨਾ ਵਿਚ ਮਗਨ ਹੋ ਜਾਂਦਾ ਹੈ, ਹੌਲੀ ਹੌਲੀ ਪੜਦਾ ਡਿਗਦਾ ਹੈ)



Sri Satguru Jagjit Singh Ji eLibrary NamdhariElibrary@gmail.com

## ਝਾਕੀ-ਦੂਜੀ

ਅਯੁਧਿਆ ਦਾ ਰਾਜ ਮਹੱਲ, ਮੰਗਲਾਚਾਰ, ਵੇਦਾਂ ਦੀ ਧੁਨੀ। ਯੱਗ ਵੇਦੀ ਵਿਚ, ਬਰਾਹਮਣਾਂ ਦਾ ਇਕਠ। ਮੰਗਲਾਚਰਣ ਪਿਛੋਂ ਫੁਲਾਂ ਦੀ ਵਰਖਾ। ਰਾਮ ਦੇ ਮਥੇ ਤੇ ਚੰਦਨ ਦਾ ਤਿਲਕ। ਅਸਵਮੇਧ ਯਗ ਦੀ ਤਿਆਰੀ। ਸੀਤਾ-ਤਿਆਗ ਪਿਛੋਂ ਇਹ ਪਹਿਲਾ ਦਿਨ ਹੈ, ਜਦ ਭਗਵਾਨ ਰਾਮ ਦੇ ਮੂੰਹ ਤੇ ਮੁੜ ਪੁਰਾਤਨ ਤੇਜ਼ ਝਲਕਾਰੇ ਮਾਰ ਰਿਹਾ ਹੈ।

ਰਾਮ-(ਮਾਂ ਕੁਸ਼ਲਿਆ ਦੇ ਪੈਰਾਂ ਨੂੰ ਹਥ ਲਾਂਦੇ ਹੋਏ) ਮਾਂ! ਅਸੀਸ ਦੇਹ, ਮੇਰਾ ਯਗ ਸੰਪੂਰਨ ਹੋਵੇ। ਇਹ ਮੇਰੇ ਵਡੇ ਵਡੇਰੇ ਰਘੁਵੰਸੀਆਂ ਦੀ ਸਨਾਤਨ ਮਰਯਾਦਾ ਹੈ। ਜਿਸ ਦੀ ਪਾਲਨਾ ਮੇਰਾ ਹੀ ਨਹੀਂ, ਸਗੋਂ ਹਰ ਰਘੁਵੰਸ਼ੀ ਦਾ ਪਰਮ-ਧਰਮ ਹੈ।

ਕੁਸ਼ਲਿਆ-ਪੁੱਤਰ! ਤੁਹਾਡਾ ਯਗ ਨਿਰਵਿਘਨ ਸੰਪੂਰਨ ਹੋਵੇ। ਤੁਹਾਡੇ ਵੈਰੀ ਨਾਸ਼ ਹੋਣ। ਤੁਸੀਂ ਜੁਗ-ਜੁਗ ਜੀਵੋ ਤੇ ਜੁਆਨੀਆਂ ਮਾਣੋਂ।

ਰਾਮ-ਇਹ ਸਭ ਤੁਹਾਡੇ ਚਰਨਾਂ ਦਾ ਸਦਕਾ ਹੈ, ਮਾਂ, ਜਦ ਦੇ ਪਿਤਾ ਜੀ ਸਵਰਗ ਸਿਧਾਰੇ ਹਨ, ਤਦ ਤੋਂ ਮੈਨੂੰ ਤੁਹਾਡਾ, ਮਾਂ ਕੈਕਈ ਦਾ ਤੇ ਸੁਮਿਤ੍ਰਾਂ ਜੀ ਦਾ ਪਿਤਾ ਜੀ ਵਾਂਗ ਹੀ ਆਸਰਾ ਤੇ ਸਹਾਰਾ ਰਿਹਾ ਹੈ।

ਕੁਸ਼ਲਿਆ-ਰਾਮ! ਮੇਰੀ ਨੂੰਹ ਨੂੰ ਇਸ ਸਮੇਂ ਦੀ ਯਾਦ ਨਾ ਕਰੋਗੇ। ਕਾਸ਼ ਕਦੀ ਅਜ ਮੇਰੇ ਪੋਤਰੇ......................!

(ਅਚਾਨਕ ਕਿਸੇ ਦੇ ਰੋਣ ਤੇ ਵਿਰਲਾਪ ਦੀ ਅਵਾਜ਼)

ਅਵਾਜ਼-ਓ ਧਰਤੀ! ਤੇਰੇ ਦੁਰਭਾਗ ਦਾ ਕੀ ਟਿਕਾਣਾ? ਤੂੰ ਬੜੀ



Sri Satguru Jagjit Singh Ji eLibrary NamdhariElibrary@gmail.com

ਹੀ ਅਭਾਗਣ ਹੈ। ਦਸਰਥ ਪਿਛੋਂ ਰਾਮ ਚੰਦਰ ਦੇ ਹਥ ਵਿਚ ਆਣ ਤੇ ਤੇਰੀ ਬੜੀ ਦੁਰਦਸ਼ਾ ਹੋ ਰਹੀ ਹੈ। ਤੇਰੇ ਕਸ਼ਟ ਦਿਨੋ ਦਿਨ ਵਧਦੇ ਜਾਂਦੇ ਹਨ।*

*ਕਵੀ ਕਾਲੀ ਦਾਸ ਕ੍ਰਿਤ ਰਘੁਵੰਸ਼। ਸਰਗ 15ਵਾਂ। ਹਿੰਦੀ ਅਨੁਵਾਦ, ਪੰਡਤ ਮਹਾਂਵੀਰ ਪ੍ਰਸ਼ਾਦ ਦੁਵੇਦੀ। ਪੰਨਾ 236-239

ਰਾਮ-ਦੁਆਰ ਪਾਲ!

ਦੁਆਰਪਾਲ-ਭਗਵਾਨ!

ਰਾਮ-ਇਸ ਖੁਸ਼ੀ ਦੇ ਮੌਕੇ ਤੇ ਇਹ ਬੇਸ਼ਗਨਾ ਰੋਣਾ ਕਿਉਂ? ਕੌਣ ਹੈ? ਕੀ ਗਲ ਹੈ? (ਦੁਆਰਪਾਲ ਦਾ ਜਾਣਾ, ਅਰ ਕੁਝ ਚਿਰ ਪਿਛੋਂ ਮਸੋਸਿਆ ਜਿਹਾ ਮੂੰਹ ਬਣਾਕੇ ਆਣਾ)

ਰਾਮ-ਕਿਉਂ! ਕੀ ਗਲ ਹੈ?

ਦੁਆਰਪਾਲ-ਕੀ ਦਸਾਂ ਮਹਾਰਾਜ, ਇਕ ਬਰਾਹਮਣ ਆਪਣੇ ਮਰੇ ਪੁਤਰ ਦੀ ਲੋਥ ਚੁਕੀ, ਬੜੇ ਦੁਖ ਨਾਲ, ਆਪਣੀ ਛਾਤੀ ਪਿਟਦਾ ਵਿਰਲਾਪ ਕਰ ਰਿਹਾ ਹੈ। ਉਸ ਦਾ ਪੁਤਰ ਛੋਟੀ ਉਮਰੇ ਮਰ ਗਿਆ ਹੈ ਅਰ ਉਹ ਉਸਦਾ ਕਾਤਿਲ ਆਪ ਨੂੰ........।

ਰਾਮ-ਦਸੀ ਚਲ, ਰੁਕ ਨਾ।

ਦੁਆਰਪਾਲ-ਭਗਵਾਨ, ਉਹ ਪਾਗਲ ਤੇ ਝਲਿਆਂ ਹਾਰ, ਜੋ ਮੂੰਹ ਵਿਚ ਆਉਂਦਾ ਹੈ ਬਕੀ ਜਾਂਦਾ ਹੈ, ਉਹ ਆਪਣੇ ਪੁਤਰ ਦਾ ਖ਼ੂੰਨੀ ਮਹਾਰਾਜ ਨੂੰ ਦਸਦਾ ਹੈ।

(ਇਹ ਸੁਣਕੇ ਭਗਵਾਨ ਰਾਮ ਕਿਸੇ ਸੋਚ ਵਿਚ ਪੈ ਗਏ ਅਰ



Sri Satguru Jagjit Singh Ji eLibrary NamdhariElibrary@gmail.com

ਆਪ ਜੀ ਦਾ ਮੂੰਹ ਗੁਸੇ ਨਾਲ ਲਾਲ ਹੋ ਗਿਆ। ਦਆਰ ਪਾਲ ਨੂੰ ਹੁਕਮ ਦਿਤਾ)

ਦੁਆਰ ਪਾਲ!

ਦੁਆਰ ਪਾਲ-ਭਗਵਾਨ।

ਰਾਮ-ਜਾਹ, ਉਸ ਬਰਾਹਮਣ ਨੂੰ ਮੇਰੇ ਕੋਲ ਲੈ ਆ!

ਦੁਆਰਪਾਲ-ਸਤਿ ਬਚਨ, ਮਹਾਰਾਜ

(ਦੁਆਰ ਪਾਲ ਦਾ ਜਾਣਾ ਤੇ ਕੁਝ ਚਿਰ ਪਿਛੋਂ ਬਰਾਹਮਣ ਨੂੰ ਨਾਲ ਲੈ ਕੇ ਵਾਪਸ ਆਣਾ। ਬਰਾਹਮਣ ਦੀਆਂ ਅਖਾਂ ਪਥਰਾਈਆਂ ਹੋਈਆਂ ਤੇ ਅਝਮਕ ਹਨ, ਮੂੰਹ ਤੋਂ ਝਗ ਵਗ ਰਹੀ ਹੈ ਉਸ ਦੀ ਝੋਲੀ ਵਿਚ ਬਚੇ ਦੀ ਲੋਥ ਹੈ। ਲੋਥ ਨੂੰ ਭਗਵਾਨ ਦੇ ਅਗੇ ਰਖਕੇ ਆਖਦਾ ਹੈ)

ਬਰਾਹਮਣ-ਰਾਮ! ਤੁਸੀਂ ਮੇਰੇ ਪੁਤਰ ਦੇ ਹਤਿਆਰੇ ਹੋ। ਅਜ ਤੀਕ ਪਿਤਾ ਦੇ ਜੀਉਂਦਿਆਂ ਪੁਤਰ ਕਦੀ ਨਹੀਂ ਸੀ ਮਰਿਆ। ਤੁਹਾਡੇ ਰਾਜ ਵਿਚ ਪਾਪ ਤੇ ਅਧਰਮ ਇਉਂ ਫੈਲ ਰਹੇ ਹਨ, ਜਿਵੇਂ ਬਰਸਾਤ ਵਿਚ ਧਾਨ ਦੇ ਖੇਤ।

ਮੈਂ ਈਸ਼ਵਰ ਨੂੰ ਸਾਖੀ ਜਾਣਕੇ ਆਖਦਾ ਹਾਂ ਕਿ ਮੈਂ ਮਨ, ਬਚ, ਕ੍ਰਮ ਜਾਣੇ ਜਾਂ ਅਨਜਾਣੇ, ਕਦੀ ਵੀ ਕੋਈ ਅਜੇਹਾ ਕੰਮ ਨਹੀਂ ਕੀਤਾ ਜਿਸ ਦੀ ਅਜੇਹੀ ਸਜ਼ਾ ਦਿਤੀ ਜਾ ਸਕੇ। ਅਜੇਹੀਆਂ ਅਨਹੋਣੀਆਂ ਘਟਨਾਵਾਂ ਅਧਰਮੀ, ਪਾਪੀ ਤੇ ਨਾਲਾਇਕ ਰਾਜੇ ਦੇ ਰਾਜ ਵਿਚ ਹੀ ਹੁੰਦੀਆਂ ਹਨ। ਇਹ ਮੌਤ ਨਹੀਂ, ਹਤਿਆ ਹੈ, ਜਿਸ ਦਾ ਕਾਰਣ ਤੁਸੀਂ ਹੀ ਹੋ।



Sri Satguru Jagjit Singh Ji eLibrary NamdhariElibrary@gmail.com

ਰਾਮ-(ਸੋਚਦੇ ਹੋਏ) ਮੈਂ ! ਕਿਵੇਂ !! ਕੁਝ ਸਮਝ ਨਹੀਂ ਔਂਦਾ (ਬਰਾਹਮਣ ਨੂੰ) ਬਰਾਹਮਣ ਦੇਵਤਾ! ਘਬਰਾਉ ਨਾਂ। ਤੁਹਾਡਾ ਦੁਖ ਦੂਰ ਕਰਨ ਲਈ ਮੈਂ ਕੋਈ ਨਾ ਕੋਈ ਤਜਵੀਜ਼ ਕਰਾਂਗਾ। ਦੁਆਰ ਪਾਲ!

ਦੁਆਰਪਾਲ-ਮਰਯਾਦਾ ਪੁਰਸ਼ੋਤਮ!

ਰਾਮ-ਅਸੀਂ ਯਮਰਾਜ ਕੋਲ ਜਾਣਾ ਚਾਹੁੰਦੇ ਹਾਂ, ਕੁਵੇਰ ਨੂੰ ਆਖੋ ਕਿ ਆਪਣਾ ਪੁਸ਼ਪ ਵਿਬਾਣ ਸਾਡੇ ਲਈ.............।

ਦੁਆਰਪਾਲ-(ਗਲ ਟੁਕਦਾ ਹੋਇਆ) ਭਗਵਾਨ, ਵਿਬਾਣ ਏਥੇ ਹੀ ਹੈ, ਆਪ ਤਿਆਰੀ ਕਰੋ। (ਮਹਾਂ ਮੁਨੀ ਨਾਰਦ ਦਾ ਆਣਾ ਇਕ ਹਥ ਵਿਚ ਕਮੰਡਲ ਦੂਜੇ ਵਿਚ ਵੀਣਾ)

ਨਾਰਦ-ਮਰਯਾਦਾ ਪੁਰਸ਼ੋਤਮ, ਭਗਵਾਨ ਰਾਮ ਦੀ ਜੈ।

ਰਾਮ-ਆਓ, ਮਹਾਂ ਮੁਨੀ ਜੀ, ਮੈਂ ਆਪ ਨੂੰ ਨਮਸ਼ਕਾਰ ਕਰਦਾ ਹਾਂ।

ਨਾਰਦ-ਚਿਰੰਜੀਵ ਰਹੋ ਆਪ ਦੇ ਵੈਰੀਆਂ ਦਾ ਨਾਸ਼ ਹੋਵੇ।

ਰਾਮ-ਕੀ ਆਗਿਆ ਹੈ? ਅਜ ਅਚਾਨਕ ਕਿਵੇਂ ਪਧਾਰੇ?

ਨਾਰਦ-ਰਾਮ, ਧਰਮ ਸ਼ਾਸ਼ਤਰ ਦਾ ਪਾਠ, ਤਪ ਅਰ ਜਪ ਦੁਆਰਾ, ਮੋਖਸ਼ ਦਾ ਅਧਿਕਾਰ, ਬਰਾਹਮਣ ਛਤਰੀ ਤੇ ਵੈਸ਼ ਵਰਣ ਨੂੰ ਹੀ ਹੈ। ਸਤਿ ਜੁਗ ਵਿਚ ਅਜੇਹੀ ਅਨਹੋਣੀ ਘਟਣਾ ਕਦੀ ਵੀ ਨਹੀਂ ਸੀ ਘਟੀ। ਤੁਹਾਡੇ ਰਾਜ ਵਿਚ ਇਕ ਸ਼ੂਦਰ ਆਪਣਾ ਸੇਵਾ ਧਰਮ ਛਡਕੇ, ਮੁਕਤੀ ਲਈ ਤਪਸਿਆ ਕਰ ਰਿਹਾ ਹੈ ਭਗਵਾਨ।

ਰਾਮ-ਇਹ ਤੇ ਕੋਈ ਗੁਨਾਹ ਨਹੀਂ ਰਿਸ਼ੀ ਜੀ! ਜੇਹੜਾ ਵੀ ਈਸ਼ਵਰ



Sri Satguru Jagjit Singh Ji eLibrary NamdhariElibrary@gmail.com

ਭਗਤੀ ਕਰਨਾ ਚਾਹੇ ਉਹ ਕਰ ਸਕਦਾ ਹੈ। ਜੇ ਉਹ ਡਾਕੇ ਮਾਰਦਾ, ਲੁਟਖਸੁਟ ਕਰਦਾ। ਮੇਰੇ ਰਾਜ ਵਿਚ ਮੇਰੇ ਖਿਲਾਫ ਕੋਈ ਬਗਾਵਤ ਕਰਦਾ, ਫਿਰ ਤੇ ਰਾਜ ਡੰਡ ਦਾ ਭਾਗੀ ਸੀ ਪਰ ਇਕ ਜਪ ਤਪ ਕਰਦੇ ਨੂੰ ਮੈਂ...............।

ਨਾਰਦ-ਉਹ ਇਕਲਾ ਨਹੀਂ ਭਗਵਾਨ ਉਸ ਨੇ ਬਹੁਤ ਸਾਰੇ ਸ਼ੂਦਰ ਇਕਠੇ ਕਰਕੇ ਆਸ਼ਰਮ ਕਾਇਮ ਕੀਤਾ ਹੋਇਆ ਹੈ। ਉਹ ਸਾਰੇ ਆਪਣਾ ਸੇਵਾ ਧਰਮ ਛਡਕੇ ਯਗ ਕਰਦੇ ਹਨ, ਵੇਦ ਪੜ੍ਹਦੇ ਹਨ, ਸੰਧਿਆ, ਗਾਇਤ੍ਰੀ, ਤਰਪਣ ਕਰਦੇ ਹਨ, ਗਾਈਆਂ ਰਖੀਆਂ ਹੋਈਆਂ ਹਨ। ਚੂਹੜਿਆਂ, ਚੁਮਾਰਾਂ ਦੇ ਮੁੰਡੇ ਗਾਈਆਂ ਦਾ ਦੁਧ ਪੀ ਕੇ ਡੰਡ ਪੇਲਦੇ ਹੋਏ, ਬ੍ਰਹਮਚਾਰੀਆਂ ਵਾਂਗ "ਓਮ" "ਓਮ" ਕਰਦੇ ਫਿਰਦੇ ਹਨ।

ਰਾਮ-ਏਹ ਤੇ ਬੜਾ ਚੰਗਾ ਹੈ, ਜੇ ਸਾਰੇ ਹੀ ਇੰਵ ਉਹਨਾਂ ਵਾਂਗ ਜੀਵਨ ਬਤਾਣ ਲਗ ਪੈਣ, ਤਦ ਮੁੜ ਸਤਿਜੁਟ ਆ ਜਾਇ। ਅਸਲੀ 'ਰਾਮ ਰਾਜ' ਤੇ ਉਸ ਦਿਨ ਹੋਵੇਗਾ ਜਿਸ ਦਿਨ ਸਾਰੇ ਲੋਕੀ ਭੈੜੇ ਕੰਮ ਛਡ ਕੇ ਭਗਤੀ ਵਲ ਲਗ ਜਾਣਗੇ। ਇਹ ਤੇ ਆਪ ਨੇ ਬੜੀ ਚੰਗੀ ਖ਼ਬਰ ਸੁਣਾਈ ਹੈ ਮਹਾਂ ਮੁਨੀ ਜੀ! ਅਜੇਹੇ ਮਹਾਂ ਪੁਰਸ਼ ਦੇ ਮੈਂ ਜ਼ਰੂਰ ਹੀ ਦਰਸ਼ਨ ਕਰ ਕੇ ਪਰਸੰਨ ਹੋਵਾਂਗਾ।

ਨਾਰਦ-(ਰਾਜ ਗੁਰੂ ਵਸ਼ਿਸਟ ਜੀ ਵਲ ਭੇਦ ਭਰੀ ਨਜ਼ਰ ਨਾਲ ਤਕਦੇ ਹੋਏ) ਭਗਵਾਨ! ਆਪ ਮਰਯਾਦਾ ਪੁਰਸ਼ੋਤਮ ਹੋ ਕੇ ਅਜ ਕੇਹੋ ਜੇਹੀਆਂ ਗਲਾਂ ਕਰ ਰਹੇ ਹੋ।

ਰਾਮ-ਮੈਂ ਠੀਕ ਹੀ ਤੇ ਆਖ ਰਿਹਾਂ ਹਾਂ ਮੁਨੀ ਜੀ! ਮੈਨੂੰ ਸਮਝ ਨਹੀਂ ਔਂਦੀ ਕਿ ਮੈਂ ਉਸ ਤੇ ਕੀ ਦੋਸ਼ ਲਾ ਕੇ ਉਸ ਨੂੰ ਸਜ਼ਾ ਦਿਆਂ?



Sri Satguru Jagjit Singh Ji eLibrary NamdhariElibrary@gmail.com

ਵਸ਼ਿਸ਼ਟ–ਭਗਵਾਨ! ਇਕ ਸ਼ੂਦਰ ਦਾ ਇਸ ਤੋਂ ਜ਼ਿਆਦਾ ਹੋਰ ਕੀ ਦੋਸ਼ ਹੋ ਸਕਦਾ ਹੈ ਕਿ ਉਹ ਸੇਵਾ ਧਰਮ ਛਡ ਕੇ ਤਪ ਕਰੇ, ਵੇਦ ਪੜ੍ਹੇ ਤੇ ਪੜ੍ਹਾਏ, ਧਰ ਸ਼ਾਸਤ੍ਰ ਦਾ ਅਧੈਨ ਕਰੇ?

ਮਰਯਾਦਾ ਪੁਰਸ਼ੋਤਮ! ਕੀ ਆਪ ਨੂੰ ਯਾਦ ਨਹੀਂ ਰਿਹਾ ਕਿ ਜੋ ਸ਼ੂਦਰ ਵੇਦ ਪੜ੍ਹੇ, ਧਰਮ ਗਰੰਥਾਂ ਦਾ ਪਾਠ ਕਰੇ ਤਦ ਓਸਦੇ ਲਈ ਰਾਜ ਡੰਡ ਦੀ ਕਿ ਬਿਵਸਥਾ ਹੈ? ਜੇ ਆਪ ਨੇ ਹੀ ਮਰਯਾਦਾ ਕਾਇਮ ਨ ਰਖੀ ਤਦ ਹੋਰ ਕੌਣ ਰਖੇਗਾ? ਆਦਿ ਯੁਗ–ਸਤਿਯੁਗ ਵਿਚ ਤੇ ਅਜੇਹਾ ਕਦੀ ਵੀ ਨਹੀਂ ਸੀ ਹੋਇਆ।

ਰਾਮ–ਹੋਇਆ ਕਿਉਂ ਨਹੀਂ? ਕੀ ਮਹਾਂ ਰਿਖੀ ਆਦਿ ਕਵੀ ਬਾਲਮੀਕ ਜੀ, ਸਤਿਜੁਗ ਵਿਚ ਨਹੀਂ ਹੋਏ? ਕਿ ਉਹ ਸ਼ੂਦਰ ਨਹੀਂ ਸਨ?

ਨਾਰਮ–ਤਾ ਆਪ ਕੁਝ ਨਹੀਂ ਕਰਨਾ ਚਾਹੁੰਦੇ?

ਰਾਮ–ਕੀ ਕਰਾਂ ਕੁਝ ਸਮਝ ਵੀ ਆਵੇ?

ਵਸ਼ਿਸ਼ਟ–ਇਕ ਸ਼ੂਦਰ ਦੇ ਅਪਰਾਧ ਦੀ ਸਜ਼ਾ!

ਰਾਮ–ਉਹ ਅਪਰਾਧੀ ਹੋਵੇ ਵੀ।

ਵਸ਼ਿਸ਼ਟ–ਜੋ ਤੁਹਾਡੀ ਰਜ਼ਾ, ਪਰ ਇਉਂ ਵਰਣ ਬਿਵਸਥਾ ਸਥਿਰ ਨਹੀਂ ਰਹਿਣੀ। ਸ਼ੂਦਰ ਜਪ ਤਪ ਕਰਨ ਲਗ ਜਾਣਗੇ ਅਰ ਬ੍ਰਾਹਮਣ ਛਤਰੀ ਤੇ ਵੈਸ਼ ਝਾੜੂ ਬੁਹਾਰੀ............।

ਨਾਰਦ–ਹਾਂ ਹਾਂ ਠੀਕ ਤੇ ਆਖ ਰਹੇ ਹਨ, ਰਾਜ ਗੁਰੂ (ਭਗਵਾਨ ਨੂੰ ਜਕੋ ਤਕਿਆ ਵਿਚ ਪਏ ਵੇਖ ਕੇ) ਦੁਆਰ ਪਾਲ!

ਦੁਆਰਪਾਲ–ਮਹਾਂ ਮੁਨੀ ਜੀ!



Sri Satguru Jagjit Singh Ji eLibrary NamdhariElibrary@gmail.com

ਨਾਰਦ-ਜਾਓ ਝਾੜੂ ਤੇ ਟੋਕਰੀ ਲੈ ਆਓ। ਇਕ ਮੇਰੇ ਲਈ ਤੇ ਇਕ ਰਾਜ ਗੁਰੂ ਮਹਾਂ ਰਿਸ਼ੀ ਵਸ਼ਿਸ਼ਟ ਜੀ ਲਈ। ਜੇ ਭਗਵਾਨ ਦੀ ਏਹੀ ਮਰਜ਼ੀ ਹੈ ਤਦ ਅਸੀਂ ਬ੍ਰਾਹਮਣ ਧਰਮ ਛਡ ਕੇ ਸ਼ੂਦਰ ਦਾ ਸੇਵਾ ਧਰਮ ਅਪਣਾਵਾਂਗੇ। ਅਜ ਤੋਂ ਰਾਜ ਮਹਲ ਦੀ ਸਫ਼ਾਈ ਅਸੀਂ ਦੋਏ ਕਰਿਆਂ ਕਰਾਂਗੇ। ਛੜਕਾ ਸਾਫ਼ ਕਰਾਂਗੇ। ਸੰਡਾਸ (ਟਟੀ), ਸਾਫ਼ ਕਰਾਂਗੇ। ਰਾਜ ਭੰਗੀ ਨੂੰ ਕਹਿ ਦਿਉ ਕਿ ਅਜ ਤੋਂ ਉਸ ਨੂੰ ਰਾਜ ਮਹਲ ਵਿਚ ਆਣ ਦੀ ਲੋੜ ਨਹੀਂ (ਮਹਾਂ ਰਿਸ਼ੀ ਵਸ਼ਿਸ਼ਟ ਜੀ ਤੇ ਨਾਰਦ ਜੀ ਮਾਲਾ ਲਾਹ ਕੇ ਧਰਤੀ ਤੇ ਸੁਟ ਦਿੰਦੇ ਹਨ, ਧੋਤੀ ਟੂੰਗ ਲੈਂਦੇ ਹਨ। ਕਮੰਡਲ ਨਾਲ ਤਿਲਕ ਧੋ ਸੁਟਦੇ ਹਨ)

ਨਾਰਦ ਤੇ ਵਸ਼ਿਸ਼ਟ ਜੀ (ਇਕੱਠੇ) ਅਸੀਂ ਤਿਆਰ ਹਾਂ ਮਰਯਾਦਾ ਪੁਰਸ਼ੋਤਮ! ਦਸੋ ਕਿਥੇ ਸਫ਼ਾਈ ਕਰੀਏ ਤੇ ਝਾੜੂ ਦਈਏ?

ਰਾਮ-(ਸ਼ਾਂਤੀ ਤੇ ਗੰਭੀਰਤਾ ਨਾਲ) ਉਤਾਵਲੇ ਨਾ ਪਓ ਰਿਸ਼ੀ ਰਾਜ, ਉਹ ਸਮਾਂ ਵੀ ਆ ਹੀ ਜਾਏਗਾ ਜਦ ਬਰਾਹਮਣ ਆਪਣਾ ਧਰਮ ਕਰਮ ਛਜ ਕੇ, ਸ਼ੂਦਰਤਾ ਨੂੰ ਅਪਨਾਣਗੇ। ਜਦ ਸ਼ੂਦਰਾਂ ਦੇ ਮਗਰ ਮਗਰ ਨਸੇ ਫਿਰਨਗੇ। ਜਦ ਸ਼ੂਦਰਾਂ ਨਾਲ ਸਾਕ ਨਾਤੇ ਕਰਨ ਨੂੰ ਵੀ ਆਪਣਾ ਗੌਰਵ ਸਮਝਣਗੇ।

ਨਾਰਦ-ਅਸੀਂ ਤੇ ਅਜ ਹੀ ਤਿਆਰ ਹਾਂ ਭਗਵਾਨ!

ਰਾਮ-ਨਹੀਂ ਮਹਾਂ ਮੁਨੀ, ਮੈਂ ਤੁਹਾਡੇ ਹੁਕਮ ਦੀ ਪਾਲਨਾ ਕਰਾਂਗਾ ਤੇ ਜ਼ਰੂਰ ਕਰਾਂਗਾ। ਮੈਂ ਤੁਹਾਨੂੰ ਨਰਾਜ਼ ਨਹੀਂ ਕਰ ਸਕਦਾ। ਦਸੋ ਮੇਰੇ ਲਈ ਕੀ ਹੁਕਮ ਹੈ?

ਨਾਰਦ-ਬਸ ਸ਼ੂਦਰ ਦੇ ਕੀਤੇ ਦੀ ਸਜ਼ਾ।



Sri Satguru Jagjit Singh Ji eLibrary NamdhariElibrary@gmail.com

ਰਾਮ-ਮੈਂ ਤਿਆਰ ਹਾਂ। ਦੁਆਰਪਾਲ!

ਦੁਆਰਪਾਲ-ਭਗਵਾਨ!

ਰਾਮ-ਸੈਨਾਪਤੀ ਨੂੰ ਕਹੋ। ਚਤੁਰੰਗਣੀ ਸੈਨਾ ਤਿਆਰ ਕਰੇ। ਮੈਨੂੰ ਸਾਰੀ ਪਰਜਾ ਮਰਯਾਦਾ ਪੁਰਸ਼ੋਤਮ ਰਾਮ ਆਖ ਕੇ ਸਦਦੀ ਹੈ। ਮੈਂ ਅਧਰਮ ਦਾ ਨਾਸ ਕਰਨਾ ਹੈ। ਸੈਨਾ ਨੂੰ ਹੁਕਮ ਸੁਣਾ ਦਿਉ ਕਿ ਸੂਰਜ ਚੜਨ ਤੋਂ ਪਹਿਲਾਂ ਪਹਿਲਾਂ ਹੀ ਅਸੀਂ ਅਯੁਧਿਆ ਤੋਂ ਤੁਰ ਪੈਣਾ ਹੈ।

ਨਾਰਦ ਦੇ ਵਸ਼ਿਸ਼ਟ-(ਇਕੱਠੇ ਹੀ) ਮਰਯਾਦਾ ਪੁਰਸ਼ੋਤਮ ਭਗਵਾਨ ਰਾਮ ਦੀ ਜੈ! ਮਹਾ ਬਲੀ ਰਾਮ ਦੀ ਜੈ!! (ਪਰਦ)

## ਝਾਕੀ ਤੀਜੀ

ਸ਼ੰਬੂਕ ਦਾ ਆਸ਼ਰਮ। ਹਰੇ ਭਰੇ ਪਹਾੜ ਤੇ ਸੁਹਾਵਣੇ ਮੈਦਾਨ ਵੇਖ ਭਗਵਾਨ ਰਾਮ ਪ੍ਰਸੰਨ ਹੋ ਰਹੇ ਹਨ। ਅੰਤ੍ਰੀਵ ਅਨੰਦ ਨਾਲ ਉਨ੍ਹਾਂ ਦਾ ਪਵਿਤਰ ਮੂੰਹ ਕੰਮੀਆਂ ਵਿਚਾਲੇ ਖਿੜੇ ਕੰਵਲ ਫੁਲ ਵਾਂਗ ਸੁਖਦਾਈ ਵਾ ਦੇ ਠੇਡੇ ਝੋਕਿਆਂ ਨਾਲ ਪ੍ਰਫੁਲਤ ਹੋ ਝੂੰਮ ਰਿਹਾ ਹੈ। ਉਹਨਾਂ ਦੂਰ ਪਹਾੜ ਦੀ ਸਫੈਦ ਚੋਟੀ ਤਕਦਿਆਂ ਕਿਹਾ-

ਰਾਮ-ਸੈਨਾ ਪਤੀ!

ਸੈਨਾ ਪਤੀ-ਮਰਯਾਦਾ ਪੁਰਸ਼ੋਤਮ ਭਗਵਾਨ!

ਰਾਮ-ਇੰਜ ਜਾਪਦਾ ਹੈ ਜਿਵੇਂ ਅਸੀਂ ਮਹਾਂ ਮੁਨੀ ਨਾਰਦ ਜੀ ਦੇ ਦਸੇ ਥਾਂ ਦੇ ਪੁਜ ਗਏ ਹੁੰਦੇ ਹਾਂ?

ਸੈਨਾ ਪਤੀ-ਇਹਨਾਂ ਪਹਾੜਾਂ ਦੀ ਸੁੰਦਰਤਾ, ਅਰ ਸ਼ਾਂਤੀ ਭਰੇ ਜੰਗਲਾਂ ਦੀ ਸ਼ੋਭਾ ਸਵਰਗ ਵਾਂਗ ਜਾਪਦੀ ਹੈ। ਏਥੇ ਤੇ ਦੈਂਤਾਂ ਦਾ ਦਿਲ ਵੀ ਤਪ



Sri Satguru Jagjit Singh Ji eLibrary NamdhariElibrary@gmail.com

ਕਰਨ ਲਈ ਤਿਆਰ ਹੋ ਜਾਂਦਾ ਹੈ। ਮਹਾਂ-ਮੁਨੀ ਨਾਰਦ ਜੀ ਨੂੰ ਜ਼ਰੂਰ ਕੋਈ ਭਰਮ ਹੀ ਪਿਆ ਹੈ। ਇਹ ਤੇ ਕਿਸੇ ਮਹਾਂ-ਰਿਸ਼ੀ ਦਾ ਆਸ਼ਰਮ ਜਾਪਦਾ ਹੈ।

ਰਾਮ-ਸ਼ੰਬੂਕ ਮਹਾਂ ਰਿਸ਼ੀ ਤੇ ਹਨ ਹੀ।

ਸੈਨਾ ਪਤੀ-ਫਿਰ ਭਗਵਾਨ, ਉਸ ਨੂੰ ਮਾਰਨ ਕਿਉਂ ਚਲੇ ਹਨ?

ਰਾਮ-ਲੋਕਚਾਰ ਲਈ, ਵਰਣ ਵਿਵਸਥਾ ਕਾਇਮ ਰਖਣ ਲਈ। ਰਾਜ ਗੁਰੂ ਵਸ਼ਿਸ਼ਟ ਜੀ ਤੇ ਨਾਰਦ ਜੀ ਦੀ ਪ੍ਰਸੰਨਤਾ ਲਈ ਸ਼ੰਬੂਕ ਦੇ ਕੀਤੇ ਤਪ ਦਾ ਫਲ ਦੇਣ ਲਈ। ਉਸ ਨੂੰ ਮੁਕਤੀ ਪ੍ਰਦਾਨ ਕਰਨ ਲਈ।

ਸੈਨਾ ਪਤੀ-ਤੁਹਾਡਆਂ ਤੁਸੀਂ ਜਾਣੋ, ਭਗਵਾਨ! ਅਸੀਂ ਅਲਪਗ ਜੀਵ ਤੁਹਾਡੀ ਕਿਰਤ ਨੂੰ ਕਿਵੇਂ ਸਮਝ ਸਕਦੇ ਹਾਂ? ਜੋ ਰਜ਼ਾ ਹੈ ਕਰੋ।

ਰਾਮ-(ਹਰੇ ਭਰੇ ਪਹਾੜ ਦੀ ਗੋਦ ਵਿਚ ਫੈਲੇ ਝੋਪੜਿਆਂ ਵਲ ਇਸ਼ਾਰਾ ਕਰਦੇ ਹੋਏ, ਸ੍ਰੀ ਵਸ਼ਿਸ਼ਟ ਜੀ ਨੂੰ) ਰਾਜ ਗੁਰੂ ਜੀ! ਔਹ ਦੂਰ ਸਾਰੇ ਸੰਦਰ ਵੇਲਾਂ ਤੇ ਫੁਲਾ ਨਾਲ ਕਜੀਆਂ ਝੌਂਪੜੀਆਂ ਦਾ ਝੁੰਡ ਕੇਹਾ ਹੈ?

ਵਸ਼ਿਸ਼ਟ-ਕੋਈ ਰਿਸ਼ੀ ਆਸ਼ਰਮ ਜਾਪਦਾ ਹੈ। ਭਗਵਾਨ?

ਰਾਮ-ਕੇਹਾ ਸ਼ਾਂਤੀ ਦਾ ਰਾਜ ਹੈ। ਸੈਨਾ ਪਤੀ ਜੀ! ਅਸੀਂ ਏਥੇ ਜੰਗਲ ਦੀ ਬਹਾਰ ਤਕਦੇ ਹਾਂ। ਤੁਸੀਂ ਅੰਦਰ ਜਾ ਕੇ ਰਿਸ਼ੀਆਂ ਨੂੰ ਸਾਡੇ ਆਣ ਦੀ ਖਬਰ ਕਰ ਆਓ। ਅਸੀਂ ਇਸ ਆਸ਼ਰਮ ਦੇ ਤਪੀਆਂ ਦੇ ਦਰਸ਼ਨ ਕਰਨਾ ਚਾਹੁੰਦੇ ਹਾਂ! ਜਾਓ।

ਸੈਨਾ ਪਤੀ-ਜੋ ਆਗਿਆ ਭਗਵਾਨ।

(ਜਾਂਦਾ ਹੈ)



Sri Satguru Jagjit Singh Ji eLibrary NamdhariElibrary@gmail.com

## ਝਾਕੀ ਚੌਥੀ

(ਸ਼ੰਬੂਕ ਰਿਸ਼ੀ ਦਾ ਆਸ਼ਰਮ! ਆਸ਼ਰਮ ਵਾਸੀਆਂ ਦੀ ਇਕ ਟੋਲੀ ਆ ਕੇ ਭਗਵਾਨ ਰਾਮ ਦਾ ਅੱਤਿਥ ਸਤਿਕਾਰ ਕਰਦੀ ਆਸ਼ਰਮ ਅੰਦਰ ਚਰਨ ਪਾਣ ਦੀ ਬਿਨੈ ਕਰਕੇ, ਨਾਲ ਲੈ ਜਾਂਦੀ ਹੈ)।

ਰਾਮ-ਤਪੀਓ, ਮੈਂ ਤੁਹਾਨੂੰ ਪ੍ਰਨਾਮ ਕਰਦਾ ਹਾਂ, ਤੁਹਾਡੇ ਆਸ਼ਰਮ ਦੀ ਸੁੰਦਰਤਾ ਤੇ ਸ਼ੋਭਾ ਅਪੂਰਵ ਹੈ। ਮੈਂ ਇਸ ਆਸ਼ਰਮ ਦੇ, ਮੁਖੀ ਅਚਾਰਯਾ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹਾਂ।

ਇਕ ਤਪਿਆ-(ਅਸ਼ੀਰਵਾਦ ਦੇਂਦਾ ਹੋਈਆ) ਭਗਵਾਨ, ਇਹ ਆਸ਼ਰਮ ਮਹਾਂ ਰਿਸ਼ੀ ਸ਼ੰਬੂਕ ਦਾ ਹੈ। ਆਪ ਨੇ ਆਪਣੇ ਕਰੜੇ ਤਪ ਦੇ ਅਸਰ ਨਾਲ, ਮਨ ਤੇ ਇੰਦਰੀਆਂ ਤੇ ਕਾਬੂ ਪਾ ਲਿਆ ਹੈ। ਆਪ ਵੇਦ ਤੇ ਧਰਮ ਸ਼ਾਸਤ੍ਰ ਦੇ ਅਦੁਤੀ ਪੰਡਤ ਹਨ। ਅਸੀਂ ਸਾਰੇ ਉਨ੍ਹਾਂ ਕੋਲ ਹੀ ਵਿਦਿਆ ਪੜ੍ਹਦੇ ਪੜ੍ਹਾਂਦੇ ਹਾਂ।

ਰਾਮ-(ਸ਼ੰਬੂਕ ਦੇ ਕੋਲ ਜਾ ਕੇ) ਮਹਾ ਰਿਸ਼ੀ-ਮੈਂ ਦਸਰਥ ਦਾ ਪੁਤ੍ਰ ਰਾਮ ਆਪ ਜੀ ਨੂੰ ਨਮਸ਼ਕਾਰ ਕਰਦਾ ਹਾਂ। ਆਪ ਜੀ ਦੇ ਆਸ਼ਰਮ ਦੀ ਸੁੰਦਰਤਾ ਦੀ ਅਕ੍ਰਸ਼ਤਾਂ ਮੈਨੰ ਆਪ ਜੀ ਕੋਲ ਖਿੱਚ ਲੈ ਆਈ। ਮੇਰੇ ਧੰਨ ਭਾਗ ਹਨ, ਜਿਸ ਨੂੰ ਆਪ ਜੇਹੇ ਪੂਰਨ ਸੰਤ ਤੇ ਮਹਾਂ ਰਿਸ਼ੀ ਜੀ ਦੇ ਦਰਸ਼ਨ ਹੋਏ। ਕੀ ਮੈਂ ਇਹ ਪੁਛਣ ਦੀ ਦਲੇਰੀ ਕਰ ਸਕਦਾ ਹਾਂ ਕਿ ਆਪ ਕਿਸ ਕੁਲ ਦੇ ਭੂਸ਼ਨ ਹੋ?

ਸ਼ੰਬੂਕ-(ਅਤੀ ਨਿੰਮ੍ਰਤਾ ਨਾਲ) ਇਹ ਤੇ ਸਭ ਮੇਰੇ ਭਗਵਾਨ ਦੀ ਵਡਿਆਈ ਤੇ ਵਿਸ਼ੇਸ਼ਤਾ ਹੈ। ਨਹੀਂ ਤਾਂ, ਮੇਰੇ ਵਿਚ ਤਾਂ ਇਕ ਗੁਣ ਵੀ ਅਜੇਹਾ ਨਹੀਂ, ਜਿਸ ਤੇ ਮਾਣ ਕੀਤਾ ਜਾ ਸਕੇ।



Sri Satguru Jagjit Singh Ji eLibrary NamdhariElibrary@gmail.com

ਮਰਯਾਦਾ ਪੁਰਸ਼ੋਤਮ! 'ਮੈਂ ਸ਼ੰਬੂਕ ਨਾਮ ਸ਼ੂਦਰ, ਸਵਰਗ ਦੀ ਇੱਛਾ ਨਾਲ ਤਪ ਕਰ ਕੇ ਦੇਵਤਾ ਬਣਿਆ ਲੋੜਦਾ ਹਾਂ?* (ਇਹ ਸੁਣਦਿਆਂ ਹੀ ਮਰਯਾਦਾ ਪੁਰਸ਼ੋਤਮ ਰਾਮ ਤੇ ਤੇਵਰ ਚੜ੍ਹ ਗਏ ਡੌਲੇ ਫੜਕੇ ਉਠੇ। ਤਲਵਾਰ ਦੇ ਕਬਜ਼ੇ ਤੇ ਹਥ ਰਖ ਕੇ ਆਪ ਨੇ ਕਿਹਾ)।

ਰਾਮ-'ਸ਼ੂਦਰ-ਤੇਰੇ ਖੂਨ ਨਾਲ ਪਿਆਸ ਬੁਝਾਣ ਲਈ ਮੇਰੀ ਇਸ ਤਲਵਾਰ ਨੇ ਦੇਸ਼ ਦਾ ਕੋਨਾ ਕੋਨਾ ਛਾਣ ਮਾਰਿਆ-ਤੈ-ਚੰਡਾਲ ਹੋ ਕੇ ਬ੍ਰਾਹਮਣ ਬਣਨ ਦੀ ਦੀਨਤਾ ਤੇ ਦਲੇਰੀ ਕੀਤੀ ਹੈ, ਤੇਰਾ ਗੁਨਾਹ ਨਾਕਾਬਿਲੇ ਬਖ਼ਸ਼ਿਸ਼ ਹੈ।'*

* ('ਸ਼ੰਬੂਕ ਵਧ' ਸ੍ਰੀ ਦੇਦ ਵਯਾਸ)

ਸ਼ੰਬੂਕ-(ਨਿਰਭੈਤਾ ਅਰ ਅਲੌਕਿਕ ਤੇਜ-ਭਰੀ ਹੈਰਾਨੀ ਨਾਲ) ਕੇਹਾ ਅਪਰਾਧ ਮਰਯਾਦਾ ਪੁਰਸ਼ੋਤਮ?

ਰਾਮ-ਸ਼ੂਦਰ! ਤੈਂ ਚਲ ਰਹੇ ਵਰਣਾਸ਼੍ਰਮ ਧਰਮ ਦੀ ਕੜੀ ਨੂੰ ਤੋੜਨ ਦਾ ਹੌਸਲਾ ਕੀਤਾ ਹੈ, ਤੈਂ ਪਰੰਪਰਾ ਅਰ ਪ੍ਰਚਲਤ ਸਮਾਜਿਕ ਮਰਯਾਦਾ ਦੇ ਖ਼ਿਲਾਫ਼ ਬਗਾਵਤ ਕੀਤੀ ਹੈ। ਤੇਰੇ ਇਕ ਭੈੜੇ ਕੁਕਰਮ ਸਦਕਾ ਹੀ ਮੇਰੇ 'ਰਾਮ ਰਾਜ' ਵਿਚ ਬ੍ਰਾਹਮਣ ਪੁਤ੍ਰ ਛੋਟੀ ਉਮਰਾ ਵਿਚ ਮਰਿਆ ਹੈ। ਉਸ ਦੀ ਮੌਤ ਦਾ ਕਾਰਣ ਤੂੰ ਹੈਂ! ਅਰ ਕੇਵਲ ਤੂੰ ਹੀ ਹੈ!! ਤੂੰ ਹਤਿਆਰਾ ਹੈਂ। ਖ਼ੂਨੀ ਹੈਂ ਰਾਜ ਧਰਮ ਡੰਡ ਅਨੁਸਾਰ ਮੌਤ ਦੀ ਸਜ਼ਾ ਦਾ ਭਾਗੀ ਹੈਂ।*

* ('ਸ਼ੰਬੂਕ ਵਧ' ਸ੍ਰੀ ਦੇਦ ਵਯਾਸ)

ਸ਼ੰਬੂਕ-ਮਰਯਾਦਾ ਪੁਰਸ਼ੋਤਮ ਰਾਮ! ਮੈਨੂੰ ਸੁਪਨੇ ਵਿਚ ਵੀ ਆਸ ਨਹੀਂ ਸੀ ਕਿ ਸੰਸਾਰ ਸਨਮਾਨਤ, ਦਸਰਥ ਕੁਮਾਰ ਰਾਮ, ਮੇਰੇ ਇਸ ਪਵਿਤ੍ਰ ਕੰਮ ਨੂੰ, ਇੰਜ ਭੈੜੀ ਨਜ਼ਰ ਨਾਲ ਤਕਨਗੇ? ਅਰ ਆਪਣ ਨੀਤਕ



Sri Satguru Jagjit Singh Ji eLibrary NamdhariElibrary@gmail.com

ਕਰਮਾਂ ਦਾ ਫਲ ਮੇਰੇ ਜੇਹੇ ਨਿਰਦੋਸ਼ ਤੇ ਲਦ ਕੇ ਮਾਰਨ ਨਲਈ ਤਿਆਰ ਹੋ ਜਾਣਗੇ? ਬ੍ਰਾਹਮਣ ਦੇ ਪੁਤਰ ਦੀ ਮੌਤਰ ਦਾ ਕਾਰਨ ਮੈਂ ਨਹੀਂ ਤੁਸੀਂ ਆਪ ਹੋ, ਤੁਹਾਡੇ ਆਪਣੇ ਕਰਮ ਹਨ ਭਗਵਾਨ। ਕਰਮਾਂ ਦੇ ਵਿਧਾਤਾ ਤੁਸੀਂ ਹੋ!

ਰਾਮ–(ਵਸ਼ਿਸ਼ਟ ਜੀ ਵਲ ਤਕਦੇ ਹੋਏ) ਕਰਮ, ਮੇਰੇ ਕਰਮ! ਰਾਜ ਗੁਰੂ ਜੀ.......!

ਸ਼ੰਬੂਕ–(ਵਸ਼ਿਸ਼ਟ ਜੀ ਵਲ ਅਭਿਮਾਨ ਤਕਦੇ ਹੋਏ) ਹਾਂ–ਹਾਂ ਤੁਹਾਡੇ ਕਰਮ! ਧਰਮ, ਕਰਮ, ਜਪ, ਤਪ ਨੂੰ ਛਡ ਕੇ ਤੁਹਾਡੇ ਰਾਜ–ਮਹੱਲਾਂ ਦੀਆਂ ਸੁਆਦੀਆਂ ਰੋਟੀਆਂ ਤੇ ਪਲਨ ਵਾਲੇ, ਐਸ਼ ਇਸ਼ਰਤ ਵਿਚ ਮਦਹੋਸ਼, ਇਹ ਬ੍ਰਾਹਮਣ ਦੇਵਤਾ ਤੁਹਾਨੂੰ ਕੁਝ ਨਹੀਂ ਦਸ ਸਕਦੇ। ਇਹ ਤੇ ਵਾਜੇ ਹਨ, ਜੋ ਸੁਰ ਤੁਸੀਂ ਛੇੜੋ ਇਹ ਓਹੀ ਰਾਮ ਅਲਾਪਣ ਲਗ ਪੈਂਦੇ ਹਨ।

ਵਸ਼ਿਸ਼ਟ–ਸ਼ੰਬੂਕ, ਸ਼ੂਦਰ! (ਗੁਸੇ ਨਾਲ ਬੋਲ ਨਹੀਂ ਸਦਕੇ, ਬੁਲ ਫੜ ਫੜਾ ਕੇ ਰਹਿ ਜਾਂਦੇ ਹਨ)

ਸ਼ੰਬੂਕ–ਬੋਲੋ–ਬੋਲੋ ਬ੍ਰਾਹਮਣ ਦੇਵਤਾ ਚੁਪ ਕਿਉਂ ਕਰ ਗਏ? ਤੁਸੀਂ ਤੇ ਉਹ ਜ਼ਹਿਰੀਲੇ ਨਾਗ ਹੋ, ਜੋ ਆਪਣੀ ਸੁਭਾਵਿਕ ਮੌਜ ਵਿਚ ਜਾ ਰਹੇ ਨਿਰਦੋਸ਼ ਰਾਹੀ ਨੂੰ ਧੋਖੇ ਨਾਲ ਡੰਗ ਮਾਰ, ਨੱਸ ਕੇ ਮੁੜ ਆਪਣੀ ਖੁਡ ਵਿਚ ਜਾ ਲੁਕਦਾ ਹੈ। ਰਾਮ ਨੂੰ ਛਤ੍ਰੀ ਧਰਮ ਤੇ ਵਰਣ ਮਰਯਾਦਾ ਦਾ ਮੰਤਰ ਪੜ੍ਹਾਣ ਵਾਲੇ ਫਨੀਅਰ, ਜਦ ਰਾਮ ਨੇ, ਬਾਲੀ ਤੇ ਸੁਗਰੀਵ ਨੂੰ ਲੜਾ ਕੇ, ਰੁਖ ਕੇ ਉਹਲੇ ਲੁਕ ਕੇ ਬਾਣ ਮਾਰ ਕੇ ਬਾਲੀ ਦਾ ਖ਼ੂਨ ਕੀਤਾ ਸੀ, ਤਦ ਛਤਰੀ ਧਰਮ ਕਿਥੇ ਸੀ? ਤਦ ਕਿਸੇ ਬਰਾਹਮਣ ਦਾ ਪੁਤਰ ਕਿਉਂ ਨਾ ਮਰਿਆ?



Sri Satguru Jagjit Singh Ji eLibrary NamdhariElibrary@gmail.com

ਵਸ਼ਿਸ਼ਟ-ਭਗਵਾਨ! ਡਿੱਠਾ ਜੇ ਇਸ ਹੰਕਾਰੀ ਤੇ ਘਮੰਡੀ ਨੀਚ ਚੂਹੜੇ ਨੂੰ!

ਸ਼ੰਬੂਕ-(ਉਸ ਬੇਪ੍ਰਵਾਹੀ ਨਾਲ) ਅਜ ਵੇਦ ਸ਼ਾਸਤ੍ਰ ਦੇ ਅਧੈਨ ਤੇ ਸਮਾਜ ਦੇ ਸੜੇ ਗਲੇ ਅੰਗ ਦੀ ਸੇਵਾ ਭਾਵਨਾ, ਅਰ ਕੁਤਿਆਂ ਤੇ ਪਸ਼ੂਆਂ ਤੋਂ ਵੀ ਵਧੀਕ ਘ੍ਰਿਣਿਤ, ਤ੍ਰਿਸਕਾਰਤ ਪਛਵੀ ਹੋਈ ਸ਼ੂਦਰ ਕੌਮ ਨੂੰ ਉਚਿਆਂ ਉਠਾਨ, ਉਹਨਾਂ ਵਿਚੋਂ ਵਿਦਿਆ ਨਾਲ ਅਗਿਆਨ, ਜਹਾਲਤ ਤੇ ਮਲੀਨਤਾ ਦੀ ਗੰਦਗੀ ਦੂਰ ਕਰਨ ਦੇ ਮਹਾਨ ਪਵਿਤ੍ਰ ਕੰਮ ਨੂੰ ਤੁਸੀਂ ਤੇ ਤੁਹਾਡਾ ਬ੍ਰਾਹਮਣ ਸਮਾਜ ਪਾਪ ਸਾਬਤ ਕਰ ਕੇ, ਮੈਨੂੰ ਮਰਵਾਣ ਆਏ ਹੋ...........ਆਹ ਬ੍ਰਾਹਮਣ ਦੇਵਤਾ? ਧੰਨ ਹੋ ਤੁਸੀ, ਧੰਦ ਹੈ ਤੁਹਾਡੀ ਮਰਯਾਦਾ ਨੀਤੀ! ਬਾਲ਼ੀ ਨੂੰ ਧੋਖੇ ਨਾਲ ਮਾਰਨਾ ਤੇ ਪੁੰਨ ਸੀ ਨਾ?

ਵਸ਼ਿਸ਼ਟ-(ਚੋਟ ਖਾਧੇ ਗੁਸੈਲੇ ਸਪ ਵਾਂਗ ਫੁਕਾਰਦੇ ਹੋਏ) ਛੋਟੇ ਭਾਈ ਦੀ ਪਤਨੀ ਧੀ ਸਮਾਨ ਹੁੰਦੀ ਹੈ, ਸ਼ੂਦਰ! ਬਾਲੀ ਨੇ ਆਪਣੀ ਤਾਕਤ ਤੇ ਘਮੰਡ ਨਾਲ, ਆਪਣੇ ਛੋਟੇ ਭਾਈ ਸੁਗਰੀਵ ਦੀ ਪਤਨੀ ਨਾਲ, ਨਾਵਾਜਿਬ ਸੰਬੰਦ ਪੈਦਾ ਕਰ ਲਿਆ ਸੀ। ਭਲਮਾਣਸੀ ਤੇ ਸਾਊ-ਪੁਣੇ ਦੀ ਹਦ ਟਪਣ ਦਾ ਫਲ, ਜੇ ਉਸ ਨੂੰ ਮਰਯਾਦਾ ਪੁਰਸ਼ੋਮਤ ਨਾਂ ਦਿੰਦੇ ਤਦ ਹੋਰ ਕੌਣ ਦੇਂਦਾ?

ਸ਼ੰਬੂਕ-ਅਰ ਵਡੇ ਭਰਾ ਦੀ ਪਤਨੀ?

ਵਸ਼ਿਸ਼ਟ-ਮਾਂ, ਸਮਾਨ।

ਸ਼ੰਬੂਕ-ਰਾਮ ਤੇ ਵਡੇ ਭਰਾ ਨੂੰ ਧੋਖੇ ਨਾਲ ਮਰਵਾ ਕੇ ਜਦ ਸੁਗਰੀਵ ਬਾਲੀ ਦੀ ਤੀਵੀਂ ਨੂੰ ਆਪਣੇ ਘਰ ਲੈ ਆਇਆ ਸੀ, ਤਦ ਮਰਯਾਦਾ ਕਿਥੇ ਸੀ? ਸਚ ਤਾਂ ਇਹ ਹੈ ਕ ਤੁਹਾਡਾ ਕੰਮ ਹੀ ਪਾਪ ਨੂੰ ਪੁੰਨ ਨੂੰ ਪਾਪ.....!



Sri Satguru Jagjit Singh Ji eLibrary NamdhariElibrary@gmail.com

ਰਾਮ-(ਗੁਸੈਲੀ ਆਵਾਜ਼ ਨਾਲ) ਆਪਣੀ ਵਿਹੁ ਉਗਲ ਰਹੀ ਜ਼ਬਾਨ ਬੰਦ ਕਰ ਸ਼ੂਦਰ!

ਸ਼ੰਬੂਕ-(ਸ਼ਾਤੀ ਨਾਲ) ਆਪਣੀਆਂ ਗਲਤੀਆਂ, ਸਬਰ, ਜ਼ਬਤ ਤੇ ਧੀਰਜ ਨਾਲ ਸੁਣਨੀਆਂ ਚਾਹੀਦੀਆਂ ਹਨ ਭਗਵਾਨ! ਸਚਾਈ ਨੂੰ ਝੂਠ ਨਾਲ ਨਹੀਂ ਕੁਚਲਿਆ ਜਾ ਸਕਦਾ! ਗਲਤੀਆਂ ਦੀ ਕਾਲਖ ਖ਼ੂਨ ਨਾਲ ਨਹੀਂ ਧੁਲ ਸਦਕੀ! ਧਰਮ ਅਧਰਮ, ਮਰਯਾਦਾ ਬੇ ਮਰਯਾਦਾ ਜ਼ੋਰਾਵਰ ਲਈ ਸਭ ਪਥਰ ਦੀਆਂ ਕੋਈਆਂ ਸਿਲਾਂ ਹਨ! ਜਿਨ੍ਹਾਂ ਨੂੰ ਅਕਲ ਦੀ ਤਿੱਖੀ ਛੈਣੀ ਅਰ ਰਾਜ ਡੰਡ ਦੇ ਸਖ਼ਤ ਘਣ ਨਾਲ ਘੜ ਤਰਾਸ ਕੇ ਭੋਲੀ ਭਾਲੀ ਪਰਜਾ ਨੂੰ ਵਿਖਾਇਆ ਜਾਂਦਾ ਹੈ। ਤਦ ਦੇ ਤੁਸੀਂ ਲੋਕ ਰਾਇ ਦੀ ਆੜ ਹੇਠ ਇਕ ਬਕਵਾਸੀ ਤੇ ਵੈਲੀ ਧੋਬੀ ਦੇ ਆਖੇ ਮਾਤਾ ਸੀਤਾ ਜੇਹੇ ਇਸਤ੍ਰੀ ਰਤਨ ਨੂੰ ਤਿਆਗ ਦਿਤਾ।

ਰਾਮ-(ਮਾਣ ਨਾਲ ਸਿਰ ਉਚਾ ਕਰਕੇ) ਮੈਂ ਆਪਣੇ ਕੰਮ ਨੂੰ ਅਕਲ ਦੀ ਕਸੌਟੀ ਤੇ ਕਸ ਕੇ ਫੈਸਲਾ ਕੀਤਾ ਕਰਦਾ ਹਾਂ। ਭਾਵਨਾਂ ਨਾਲੋਂ ਫਰਜ਼ ਸਦੀਵੀ ਹੁੰਦਾ ਹੈ, ਸ਼ੂਦਰ!

ਸ਼ੰਬੂਕ-(ਵਿਯੰਗ ਭਰੀ ਮੁਸਕ੍ਰਾਹਟ) ਇਸ ਦਾ ਭਾਵ ਇਹ ਹੈ ਕਿ ਤੁਸੀ ਓਹੋ ਕੁਝ ਕਰਦੇ ਹੋ, ਜਿਸ ਵਿਚ ਜ਼ਰਾ ਮਾਸਾ ਕੋਈ ਲਾਭ ਪੁਜੇ। ਤੁਸੀਂ ਆਪਣੀ ਗਰਭਵਤੀ ਪਤਨੀ ਨੂੰ, ਪਤੀ ਧਰਮ ਦੀ ਭਾਵਨਾਂ ਦਸ ਇਕ ਗੁਸੈਲੇ ਤੇ ਪਾਗਲ ਦੀ ਬਕਵਾਸ ਦੇ ਪਾਲਨ ਨੂੰ ਫਰਜ਼ ਆਖ, ਸਬੰਧੀਆਂ, ਮਿਤਰਾਂ ਅਰ ਵਡੇ ਵਡੇਰਿਆਂ ਦੀ ਜ਼ਬਾਨ ਤੇ ਅੱਖਾਂ ਬੰਦ ਕਰ ਦਿਤੀਆਂ। ਜੇ ਰਾਜਾ ਹੋਣ ਕੇ ਕੇ ਪਰਜਾ ਦੀ ਪਰਸੰਨਤਾ ਤੁਹਾਡਾ ਫਰਜ਼ ਹੈ, ਤਦ ਪਤਨੀ ਤੇ ਪੁਤਰਾਂ ਲਈ ਤੁਹਾਡਾ ਕੋਈ ਫਰਜ਼ ਨਹੀਂ? ਜਦ ਭਾਰਤ, ਪਰਜਾ ਮਿਤਰਾਂ ਤੇ ਸੰਬੰਧੀਆਂ ਨੂੰ ਨਾਲ ਲੈ ਕੇ ਤੁਹਾਨੂੰ ਬਣ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਘਰ ਨੂੰ ਲੈ ਚਲਣ ਲਈ ਗਏ ਸਨ, ਤਦ ਉਹਨਾਂ ਦੀ ਮਿੰਨਤ, ਖੁਸ਼ਾਮਦ ਨੂੰ ਤੁਸੀਂ ਇਹ ਆਖ ਠੁਕਰਾਇਆ ਸੀ ਕਿ-ਪਿਤਾ ਦੀ ਆਗਿਆ ਪਾਲਨਾ ਮੇਰਾ ਪਹਿਲਾ ਫਰਜ਼ ਹੈ, ਮਿਤਰਾਂ, ਸੰਬੰਧੀਆਂ ਅਰ ਪਰਜਾ ਦੀ ਮਰਜ਼ੀ ਕੋਰੀ ਭਾਵਨਾ ਹੈ-

ਰਾਮ-ਇਹ ਕੋਈ ਧੋਬੀ ਦਾ ਹੀ ਇਤਰਾਜ਼ ਨਹੀਂ ਸੀ, ਇਹ ਮੇਰੇ ਨਿਜੀ ਫੈਸਲੇ ਦੇ ਖਿਲਫ ਪਰਜਾ ਦੇ ਮਨ ਵਿਚ ਉਠ ਰਹੀ ਅਸ਼ਾਂਤੀ ਦਾ ਇਸ਼ਾਰਾ ਸੀ।

ਸ਼ੰਬੂਕ-(ਬਾਣ ਨਿਸ਼ਾਨੇ ਦੇ ਲਗਾ ਤਕ ਕੇ) ਇਹ ਪਰਜਾ ਦੇ ਮਨ ਦੀ ਅਸ਼ਾਂਤੀ ਨਹੀਂ ਸੀ ਭਗਵਾਨ! ਇਹ ਤੁਹਾਡੇ ਸੌਂਵੇ ਤੇ ਹਨ੍ਹੇਰੇ ਪਖ ਦਾ ਭਰਮ ਸੀ। ਰਾਵਣ ਦੇ ਰਾਜ ਮਹੱਲ ਵਿਚ ਆਪਣੀ ਇਛਾ ਵਿਰੁਧ, ਰਹਿਣ ਤੇ ਵੀ ਸ੍ਰੀ ਸੀਤਾ ਜੀ ਦੀ ਅਗਨੀ ਪ੍ਰੀਖਯਾ ਲਈ ਗਈ। ਸੀਤਾ ਨੂੰ ਅਪਨਾਣ ਤੋਂ ਇਨਕਾਰ ਕਰ ਕੇ ਹਜ਼ਾਰਾਂ ਬੰਦਿਆਂ ਵਿਚ ਅਪਮਾਨਤ ਕੀਤਾ। ਰਿਸ਼ੀ ਮੁਨੀ ਦੇਵਤੇ ਸਭੇ ਸੀਤਾ ਨੂੰ ਨਿਸ਼ਕਲੰਕ ਤੇ ਅੰਮ੍ਰਿਤ ਵਾਂਗ ਪਵਿਤ੍ਰ ਮੰਨਦੇ ਸਨ। ਇਸ ਲਈ ਸੀਤਾ ਨੂੰ ਤੁਸੀ ਛਡ ਤੇ ਨਾ ਸਕੇ ਪਰ ਤੁਹਾਡੇ ਮਨ ਵਿਚ ਕਮਜ਼ੋਰਿਆਂ ਦੀ ਖਾਦ ਲੈ ਕੇ ਸ਼ੰਕਾ ਦਾ ਬੀਜ ਦਿਨੋ ਦਿਨ ਫੁਲਦਾ ਰਿਹਾ-ਜਦ ਉਹ ਚੰਗਾ ਰੁਖ ਬਣ ਗਿਆ, ਤੁਸੀ ਬਹਾਨੇ ਲਭਣ ਲਗ ਪਏ।

ਰਾਮ-ਬਹਾਨੇ!!

ਸ਼ੰਬੂਕ-ਅਸਲੋਂ ਬਹਾਨੇ, ਨਹੀਂ ਤੇ ਇਕ ਧੋਬੀ ਦੀ ਬਕਵਾਸ ਦੀ ਆੜ ਲੈ ਕੇ ਆਪਣੀ ਗਰਭਵਤੀ ਤੀਮੀ ਨੂੰ ਮਾਸ ਖੋਰ ਜਾਨਵਰਾਂ ਦੇ ਰਹਿਮ ਤੇ ਅਨਜਾਣੇ ਜੰਗਲਾਂ ਵਿਚ ਕੌਣ ਛਡਦਾ ਹੈ? ਜਦ ਤੁਸੀਂ ਪਤੀ ਧਰਮ



Sri Satguru Jagjit Singh Ji eLibrary NamdhariElibrary@gmail.com

ਨੂੰ ਇਜ ਬੇ-ਰਹਿਮੀ ਨਾਲ ਠੁਕਰਾਇਆ ਸੀ, ਤਦ ਵੀ ਕਿਸੇ ਬ੍ਰਾਹਮਣ ਦਾ ਪੁਤ੍ਰ ਨਾ ਮਰਿਆ?

ਰਾਮ-ਕੀ ਆਖ ਰਿਹਾ ਹੈ ਇਹ ਸ਼ੂਦਰ?

ਵਸ਼ਿਸ਼ਟ-ਪਤਾ ਨਹੀਂ ਤੁਸੀਂ ਅਜੇ ਹੋਰ ਕੀ ਸੁਣਨਾ ਚਾਂਹਦੇ ਹੋ, ਵਢੋ ਸ਼ੂ ਫਸਤਾ ਵਿਚੋਂ...............!

ਸ਼ੰਬੂਕ-ਤੁਹਾਨੂੰ ਕਿਉਂ ਸਮਝ ਔਣੀ ਹੋਈ ਰਾਜ ਗੁਰੂ। ਜਦ ਇਸ ਵਿਚ ਸਾਰੇ ਫਸਾਦ ਦੀ ਜੜ੍ਹ ਹੀ ਤੁਸੀ ਆਪ ਹੋਵੋ? ਜੁਗਾਂ ਦੀ ਗੁਲਾਮੀ ਦੀਆਂ ਸਖਥ ਤੇ ਅਟੁਟ ਬੇੜੀਆਂ ਵਿਚ ਜਕੜੀ ਸ਼ੂਦਰ ਕੌਮ ਨੂੰ ਹਨੇਰੇ ਵਿਚੋਂ ਕਢ ਕੇ ਜੀਵਨ ਪ੍ਰਕਾਸ਼ ਦੇ ਉਪਾ ਨੂੰ ਤੁਸੀ ਬ੍ਰਾਹਮਣ ਦੇ ਪੁਤਰ ਦੀ ਮੌਤ ਦਾ ਕਾਰਨ ਦਸ ਕੇ ਮੈਨੂੰ ਮਰਵਾਣ ਲਈ ਭਗਵਾਨ ਰਾਮ ਨੂੰ ਚਾੜ੍ਹ ਲਿਆਏ ਹੋ? ਇਹ ਤੁਹਾਡੀ ਅਹਿੰਸਾ ਹੈ?

ਵਸ਼ਿਸ਼ਟ-ਇਹ ਤੁਹਾਡਾ ਕਿਆਸ ਹੈ ਸ਼ੰਬੂਕ!

ਸ਼ੰਬੂਕ-ਕਿਆਸ ਹੀ ਨਹੀਂ, ਅਟਲ ਸਚਾਈ ਹੈ ਮਹਾਂ ਰਿਸ਼ੀ! ਜਦ ਡਾਕੂ, ਬਟਮਾਰ ਬਦਮਾਸ਼, ਚੂਹੜਾ ਬਾਲਮੀਕੀ ਤਪ ਕਰਕੇ ਮਹਾ ਰਿਸ਼ੀ ਤੇ ਸੰਸਕ੍ਰਿਤ ਦਾ ਆਦਿ ਕਵੀ ਬਣਿਆ ਸੀ ਤਦ ਦੇ ਇਕ ਵੀ ਬ੍ਰਾਹਮਣ ਜੀਉਂਦਾ ਨਹੀਂ ਸੀ ਰਹਿਣਾ ਚਾਹੀਦਾ। ਚੰਗਾ ਹੁੰਦਾ ਜੇ ਇਹ ਓਦੋਂ ਹੀ ਦੇਸ਼ ਤੇ ਕੌਮ ਦੇ ਗਲੋਂ ਲਥ ਜਾਂਦੇ।

ਵਸ਼ਿਸ਼ਟ-ਰਾਮ ਅਜੇ ਹੋਰ ਕੁਝ ਅਖਵਾਣਾ ਬਾਕੀ ਰਹਿੰਦਾ ਹੈ?

ਸ਼ੰਬੂਕ-ਹਾਂ ਹਾਂ, ਜਦ ਭੀਲਣੀ ਦੇ ਜੂਠੇ ਬੇਰ ਖਾਧੇ ਤਦ ਵੀ ਨਾ ਕੋਈ ਬ੍ਰਾਹਮਣ ਮਰਿਆ ਤੇ ਨਾ ਹੀ ਕਿਸੇ ਬ੍ਰਾਹਮਣ ਦਾ ਪੁਤਰ ਮਰਿਆ?



Sri Satguru Jagjit Singh Ji eLibrary NamdhariElibrary@gmail.com

ਰਾਮ-(ਬਿਜਲੀ ਜੇਹੀ ਫੁਰਤੀ ਨਾਲ ਮਿਆਨ ਵਿਚੋਂ, ਤਲਵਾਰ ਖਿਚਦੇ ਹੋਏ) ਜ਼ਬਾਨ ਬੰਦ ਕਰ ਸ਼ੂਦਰ?

ਸ਼ੰਬੂਕ-(ਉਸੇ ਨਿਰਭੈਤਾ ਤੇ ਦਲੇਰੀ ਨਾਲ) ਭਗਵਾਨ! ਤੁਹਾਡੇ ਰਾਜ ਸੁਖ ਭੋਗਦੇ ਅਰ ਜੀਉਂਦੇ ਜੀ, ਤੁਹਾਡੇ ਦੋ ਹੋਣਹਾਰ ਪੁਤਰ ਅਨਾਥਾਂ ਵਾਂਗ, ਮੰਗਤਿਆਂ ਦੇ ਟੁਕੜਿਆਂ ਤੇ ਪਲ ਰਹੇ ਹਨ। ਆਪਣੀ ਸੰਤਾਨ ਦੀ ਪਾਲਣਾ ਤੁਹਾਡਾ ਕੋਈ ਫਰਜ਼ ਨਹੀਂ? ਤੁਸੀਂ ਛਤਰੀ ਧਰਮ ਨਾ ਅਪਨਾਇਆ? ਗ੍ਰਿਸਤੀ ਹੋ ਕਿ ਗ੍ਰਸਤ ਧਰਮ ਨਾ ਪਾਲਿਆ। ਪਿਤਾ ਹੋਕੇ ਸੰਤਨਾ ਲਈ ਕੋਈ ਫਰਜ਼ ਅਦਾ ਨਾ ਕੀਤਾ। ਤਦ ਵੀ ਕਿਸੇ ਬ੍ਰਾਹਮਣ ਦਾ ਪੁਤਰ ਨਾ ਮਰਿਆ? ਵਾਹ! ਮਰਯਾਦਾ ਪੁਰਸ਼ੋਤਮ, ਚੰਗੀ ਮਰਯਾਦਾ ਪਾਲੀ ਜੇ?

ਵਸ਼ਿਸ਼ਟ-ਭਗਵਾਨ! ਇਹ ਆਪ ਨੂੰ ਗਲਾਂ ਵਿਚ ਭਰਮਾ ਕੇ ਆਪਣੇ ਬਚਾ ਦੇ ਹੀਲੇ ਬਹਾਨੇ ਕਰ ਰਿਹਾ ਹੈ, ਜੇ ਆਪ ਨੇ ਇਸ ਤੇ ਰਹਿਮ ਕੀਤਾ ਤਦ ਸਾਰੀ ਬਵਰਣ ਬਿਵਸਥਾ ਵਿਗੜ ਜਾਏਗੀ। ਚੂਹੜੇ ਵੇਦ ਪੜ੍ਹਨ ਤੇ ਤਪ ਕਰਨ ਲਗ ਜਾਣਗੇ ਤੇ ਝਾੜੂ ਬੁਹਾਰੂ ਫਿਰ ਸਾਨੂੰ ਤੁਹਾਨੂੰ ਹੀ ਕਰਨਾ ਪਵੇਗਾ। ਇਸ ਲਈ ਇਸ ਦਾ ਫਸਤਾ...........!

ਸ਼ੰਬੂਕ-ਡਰੋ ਨਾ ਰਾਜ ਗੁਰੂ, ਮੈਨੂੰ ਮਰਣਾ ਜੀਉਣਾ ਇਕੋ ਜਿਹਾ ਹੀ ਹੈ। ਸਗੋਂ ਇਸ ਗੁਲਾਮੀ ਤੇ ਤ੍ਰਿਸਕਾਰ ਭਰੇ ਜੀਉਣ ਨਾਲੋਂ ਮੈਂ ਮੌਤ ਨੂੰ ਵਧੇਰੇ ਚੰਗਾ ਸਮਝਦਾ ਹਾਂ। ਮੇਰੇ ਮੌਤ ਮੇਰੀ ਕੌਮ ਦੀ ਗੁਲਾਮੀ ਦਾ ਬੰਧਨ ਕਟੇਗੀ। ਅਜੇ ਪਤਾ ਨਹੀਂ ਮੇਰੀ ਕੌਮ ਨੂੰ ਕਿੰਨੀਆ ਕੁਰਬਾਨੀਆਂ ਦੇ ਕੇ ਸੁਤੰਤ੍ਰਤਾ ਦਾ ਮੂੰਹ ਵੇਖਣਾ ਨਸੀਬ ਹੋਵੇਗਾ ਮੇਰੀ ਸ਼ਹਾਦਤ ਇਸ ਪਖੰਡ ਦੀ ਜਹਾਲਤ ਖਤਮ ਕਰ ਕੇ, ਬੰਦੇ ਨੂੰ ਬੰਦਾ ਸਮਝ ਕੇ ਪਿਆਰ ਕਰਨ



Sri Satguru Jagjit Singh Ji eLibrary NamdhariElibrary@gmail.com

ਦੀ ਜਾਚ ਦਸੇਗੀ। ਸਮਾਂ ਆਵੇਗਾ ਜਦ ਤੁਸੀ ਮੇਰੀ ਕੌਮ ਦੇ ਬੰਦਿਆਂ ਦੇ ਮਗਰ ਮਗਰ ਨਸੇ ਫਿਰੋਗੇ?

ਰਾਮ-ਬਸ! ਬਹੁਤ ਹੋ ਚੁਕੀ, ਖ਼ਬਰਦਾਰ ਜੇ ਹੁਣ ਇਕ ਸ਼ਬਦ ਵੀ ਜ਼ਬਾਨੋ ਕਿਹਾ!

ਸ਼ੰਬੂਕ-ਭਗਵਾਨ! ਧਮਕਾਓ ਨਾ, ਜੋ ਕਰਨ ਆਏ ਜੇ, ਜਾਂ ਜੋ ਕਰਨ ਲਈ ਤੁਹਾਨੂੰ ਇਹ ਰਾਜ-ਗੁਰੂ ਜੀ ਮਹਾਰਾਜ ਪ੍ਰੇਰ ਕੇ ਲਿਆਏ ਹਨ, ਉਹ ਦਲੇਰੀ, ਹਿੰਮਤ, ਹੌਸਲੇ, ਸੁਘੜਤਾ ਤੇ ਸੁਚੱਜਤਾ ਨਾਲ ਕਰੋ। ਮੈਂ ਮਰਨ ਲਈ ਤਿਆਰ ਹਾਂ। ਇਜ਼ਤ, ਆਜ਼ਾਦੀ ਤੇ ਮਾਣ ਦਾ ਥੋੜਾ ਜੇਹਾ ਜੀਵਾਨ ਪ੍ਰਾਧੀਨਤਾ ਤੇ ਬੇਇਜ਼ਤੀ ਭਰੇ ਲੰਮੇ ਜੀਵਨ ਤੋਂ ਲਖ ਗੁਣਾ ਵਧੀਕ ਚੰਗਾ ਹੈ।

ਰਾਮ-ਤਦ ਫਿਰ ਤਿਆਰ ਹੋ ਜਾ!

ਸ਼ੰਬੂਕ-ਆਪ ਤਲਵਾਰ ਚਲਾਓ, ਮੈਂ ਤਿਆਰ ਹਾਂ ਤੁਹਾਡੇ ਹਥੋਂ ਤੁਹਾਡੀ ਤਲਵਾਰ ਨਾਲ ਮੇਰੀ ਸ਼ਹੀਦੀ ਮੈਨੂੰ ਸਿੱਧੀ ਸਵਰਗ ਪੁਚਾਏਗੀ। ਇਸ ਲਈ ਨਹੀਂ ਕਿ ਤੁਸੀਂ ਮਰਯਾਦਾ ਪੁਰਸ਼ੋਤਮ ਰਾਮ ਹੋ? ਨਹੀਂ ਸਗੋਂ ਇਸ ਲਈ ਕਿ ਮੈਂ ਸਚਾਈ, ਹਿੰਸਾ ਤੇ ਧਰਮ ਮਰਯਾਦਾ ਤੇ ਹਾਂ ਅਰ ਤੁਸੀ ਰਾਜ ਡੰਡ ਤੇ ਹਿੰਸਾ ਸ਼ਕਤੀ ਦਾ ਆਸਰਾ ਲੈ ਰਹੇ ਹੋ।

(ਸ਼ੰਬੂਕ ਦੀ ਗਲ ਪੂਰੀ ਹੋਣ ਤੋਂ ਪਹਿਲਾਂ ਹੀ ਭਗਵਾਨ ਰਾਮ ਦੀ ਤਲਵਾਰ ਨੇ ਉਸ ਦਾ ਸਿਰ ਧੜ ਤੋਂ ਵਖ ਕਰ ਕੇ ਧਰਤੀ ਤੇ ਸੁਟ ਦਿਤਾ)



Sri Satguru Jagjit Singh Ji eLibrary NamdhariElibrary@gmail.com

ਵਸ਼ਿਸ਼ਟ–ਮਰਯਾਦਾ ਪੁਰਸ਼ੋਤਮ ਭਗਵਾਨ ਰਾਮ ਦੀ ਜੈ!

ਸੈਨਾ ਪਤ–ਅਯੁਧਿਆ ਪਤੀ ਸ਼੍ਰੀ ਰਾਮ ਚੰਦ੍ਰ ਮਹਾਰਾਜ ਦੀ ਜੈ!!

ਸੈਨਾ–ਮਹਾਂ ਪ੍ਰਤਾਪੀ ਤੇ ਮਹਾਂ ਬਲੀ ਰਾਮ ਦੀ ਜੈ!!!

(ਸਾਰੇ ਰਲ ਕੇ ਗਾਂਦੇ ਹਨ)

ਮਰਯਾਦਾ ਪੁਰਸ਼ੋਤਮ ਰਾਮ ਨੇ ਰਖ ਲਈ ਮਰਯਾਦਾ!
ਵਰਣਾਸ਼ਰਮ ਦਾ ਧਰਮ ਬਚਾਇਆ ਰੁੜਕਾ ਮਰਦਾ ਜਾਂਦਾ
ਸੇਵਾ ਧਰਮ ਛਡ ਕੇ ਸ਼ੂਦਰ ਬ੍ਰਾਹਮਣ ਬਣਿਆ ਲੋੜੇ
ਰਾਮ ਕਿਵੇਂ ਬਰਦਾਸ਼ਤ ਕਰਦੇ ਇਹ ਗਲ ਬੇ ਮਰਯਾਦਾ।
ਜੇ ਸ਼ੰਬੂਕ ਕੁਦਰਤੀ ਮਰਦਾ, ਇਹਦੀ ਜਾਂਦੀ ਘਾਲ ਅਜਾਈਂ।
ਭਾਵੇਂ ਕਿੰਨੇ ਜਪ ਤਪ ਕਰਦਾ, ਕਰਦਾ ਸਖ਼ਤ ਕਮਾਈ।
ਸ਼ੂਦਰ ਨੂੰ ਮੁਕਤੀ ਨਾ ਮਿਲਦੀ, ਧਰਮ ਗਰੰਥ ਦਾ ਕਹਿਣਾ।
ਕਰ ਕਿਰਪਾ ਭਗਵਾਨ ਰਾਮ ਨੇ ਦਿਤਾ ਸੁਰਗ ਪੁਚਾਈ।

★★★★★



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com